




ਸੱਚੀ ਅਤੇ ਨਿਰਪੱਖ ਵਿਚਾਰਧਾਰਾ

CEE7NEWS

Daily Digital Edition








Reg No: AAG1353 | Ludhiana, Sunday 10 May, 2026 | website: www.cee7news.com


# ਸੂਬੇ ਵਿੱਚ ਵੱਡੇ ਪੱਧਰ 'ਤੇ ਹੋਈਆਂ ਵਿੱਤੀ ਬੇਨਿਯਮੀਆਂ



ਨਵੀਂ ਦਿੱਲੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਘਵ ਚੱਢਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦਾ ਖਜ਼ਾਨਾ ਲੁੱਟ ਕੇ ਪੰਜਾਬੀਆਂ ਦੇ ਸੁਪਨਿਆਂ ਨਾਲ ਖਿਲਵਾੜ ਕੀਤਾ ਹੈ। ਉਨ੍ਹਾਂ ਕਿਹਾ, "ਈ.ਡੀ. ਦੀ ਛਾਪੇਮਾਰੀ ਦੌਰਾਨ ਬਾਲਕੋਨੀ ਵਿੱਚੋਂ ਬੈਗ ਵਿੱਚ ਪਾ ਕੇ 21 ਲੱਖ ਰੁਪਏ ਸੁੱਟੇ ਜਾਣ ਦੀਆਂ ਖ਼ਬਰਾਂ ਅਤੇ ਲਗਪਗ 100 ਕਰੋੜ ਰੁਪਏ ਦੇ ਫੰਡਾਂ ਦੀ ਹੇਰਾਫੇਰੀ ਇਹ ਦਰਸਾਉਂਦੀ ਹੈ ਕਿ ਇਹ ਪੰਜਾਬ ਦੇ ਫਤਵੇ ਨਾਲ ਇੱਕ ਵੱਡਾ ਵਿਸ਼ਵਾਸਘਾਤ ਹੈ। 'ਆਪ' ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਧੋਖਾ ਕੀਤਾ ਹੈ।"ਰਾਜ ਸਭਾ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂ ਰਾਘਵ ਚੱਢਾ ਨੇ ਅੱਜ ਪੰਜਾਬ ਦੇ ਮੰਤਰੀ ਸੰਜੀਵ ਅਰੋੜਾ ਦੇ ਟਿਕਾਣਿਆਂ 'ਤੇ ਹੋਈ ਈ.ਡੀ. (ED) ਦੀ ਛਾਪੇਮਾਰੀ ਤੋਂ ਬਾਅਦ ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਸੇਧਿਆ ਹੈ। ਉਨ੍ਹਾਂ ਨੇ ਸੂਬੇ ਵਿੱਚ ਵੱਡੇ ਪੱਧਰ 'ਤੇ ਹੋਈਆਂ ਵਿੱਤੀ ਬੇਨਿਯਮੀਆਂ ਅਤੇ ਜਨਤਾ ਦੇ ਭਰੋਸੇ ਨਾਲ ਧੋਖਾ ਕਰਨ ਦੇ ਗੰਭੀਰ ਦੋਸ਼ ਲਗਾਏ ਹਨ। ਚੱਢਾ ਨੇ ਕਿਹਾ ਕਿ 'ਆਪ' ਨੇ ਪੰਜਾਬ ਨੂੰ "ਰੰਗਲਾ ਪੰਜਾਬ" ਬਣਾਉਣ ਦਾ ਵਾਅਦਾ ਕੀਤਾ ਸੀ ਪਰ ਇਸ ਦੀ ਬਜਾਏ ਉਨ੍ਹਾਂ ਨੇ ਸੂਬੇ ਦੀ ਆਰਥਿਕਤਾ ਨੂੰ ਬਰਬਾਦ ਕਰਕੇ ਇਸ ਨੂੰ "ਕੰਗਲਾ ਪੰਜਾਬ" ਬਣਾ ਦਿੱਤਾ ਹੈ। ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਐਨਫੋਰਸਮੈਂਟ ਡਾਇਰੈਕਟੋਰੇਟ (ED) ਨੇ 100 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਮਾਮਲੇ ਵਿੱਚ ਕਾਰਵਾਈ ਕਰਦਿਆਂ ਪੰਜਾਬ ਦੇ ਮੰਤਰੀ ਸੰਜੀਵ ਅਰੋੜਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਨਿਯਮਾਂ ਦੀ ਉਲੰਘਣਾ ਕਰਨ ਲਈ ਨੋਟਿਸ ਜਾਰੀ



ਭਾਰਤੀ ਕ੍ਰਿਕਟਰ ਯਸ਼ਸਵੀ ਜੈਸਵਾਲ ਅਤੇ ਮਹਿਲਾ ਕ੍ਰਿਕਟਰ ਸ਼ੇਫਾਲੀ ਵਰਮਾ ਨੂੰ ਰਾਸ਼ਟਰੀ ਐਂਟੀ-ਡੋਪਿੰਗ ਏਜੰਸੀ (NADA) ਨੇ 'ਵੇਅਰਅਬਾਊਟ' (ਉਪਲਬਧਤਾ ਦੀ ਜਾਣਕਾਰੀ) ਨਿਯਮਾਂ ਦੀ ਉਲੰਘਣਾ ਕਰਨ ਲਈ ਨੋਟਿਸ ਜਾਰੀ ਕੀਤਾ ਹੈ। ਇਹ ਕਾਰਵਾਈ ਪਿਛਲੇ ਸਾਲ ਡੋਪ ਟੈਸਟ ਲਈ ਉਪਲਬਧ ਨਾ ਹੋਣ ਕਾਰਨ ਕੀਤੀ ਗਈ ਹੈ।ਬੀ.ਸੀ.ਸੀ.ਆਈ. ਦੇ ਇੱਕ ਸੂਤਰ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ, ''ਹਾਂ, ਸਾਨੂੰ ਨਾਡਾ ਵੱਲੋਂ ਟੈਸਟ ਖੁੰਝ ਜਾਣ ਬਾਰੇ ਸੂਚਨਾ ਮਿਲੀ ਹੈ। ਅਸੀਂ ਉਨ੍ਹਾਂ ਨਾਲ ਗੱਲ ਕਰਾਂਗੇ ਕਿ ਇਹ ਕਿਵੇਂ ਹੋਇਆ ਅਤੇ ਜ਼ਰੂਰੀ ਕਦਮ ਚੁੱਕਾਂਗੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਚੀਜ਼ਾਂ ਨਾ ਹੋਣ।'' ਉਨ੍ਹਾਂ ਅੱਗੇ ਕਿਹਾ ਕਿ ਕ੍ਰਿਕਟ ਹੁਣ ਓਲੰਪਿਕ ਦਾ ਹਿੱਸਾ ਹੈ, ਇਸ ਲਈ ਨਿਯਮਾਂ ਦੀ ਪਾਲਣਾ ਲਾਜ਼ਮੀ ਹੈ, "ਕ੍ਰਿਕਟ ਓਲੰਪਿਕ ਵਿੱਚ ਵਾਪਸ ਆ ਗਿਆ ਹੈ ਅਤੇ ਸਾਨੂੰ ਸਾਰੇ ਪ੍ਰੋਟੋਕੋਲ ਦੀ ਪਾਲਣਾ ਕਰਨ ਦੀ ਲੋੜ ਹੈ ਤਾਂ ਜੋ ਸਭ ਕੁਝ ਸੁਚਾਰੂ ਢੰਗ ਨਾਲ ਚੱਲ ਸਕੇ।''ਦੱਸਣਯੋਗ ਹੈ ਕਿ ਯਸ਼ਸਵੀ ਇਸ ਸਮੇਂ ਆਈ.ਪੀ.ਐੱਲ. ਵਿੱਚ ਖੇਡ ਰਹੇ ਹਨ। ਨਿਯਮਾਂ ਮੁਤਾਬਕ, ਜੇਕਰ ਕੋਈ ਖਿਡਾਰੀ ਲਗਾਤਾਰ ਤਿੰਨ ਵਾਰ ਟੈਸਟ ਲਈ ਉਪਲਬਧ ਨਹੀਂ ਹੁੰਦਾ, ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ। ਭਾਰਤੀ ਕ੍ਰਿਕਟਰ ਯਸ਼ਸਵੀ ਜੈਸਵਾਲ ਅਤੇ ਮਹਿਲਾ ਕ੍ਰਿਕਟਰ ਸ਼ੇਫਾਲੀ ਵਰਮਾ ਨੂੰ ਰਾਸ਼ਟਰੀ ਐਂਟੀ-ਡੋਪਿੰਗ ਏਜੰਸੀ (NADA) ਨੇ 'ਵੇਅਰਅਬਾਊਟ' (ਉਪਲਬਧਤਾ ਦੀ ਜਾਣਕਾਰੀ) ਨਿਯਮਾਂ ਦੀ ਉਲੰਘਣਾ ਕਰਨ ਲਈ ਨੋਟਿਸ ਜਾਰੀ ਕੀਤਾ ਹੈ। ਇਹ ਕਾਰਵਾਈ ਪਿਛਲੇ ਸਾਲ ਡੋਪ ਟੈਸਟ ਲਈ ਉਪਲਬਧ ਨਾ ਹੋਣ ਕਾਰਨ ਕੀਤੀ ਗਈ ਹੈ। ਬੀ.ਸੀ.ਸੀ.ਆਈ. ਦੇ ਇੱਕ ਸੂਤਰ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ, ''ਹਾਂ, ਸਾਨੂੰ ਨਾਡਾ ਵੱਲੋਂ ਟੈਸਟ ਖੁੰਝ ਜਾਣ ਬਾਰੇ ਸੂਚਨਾ ਮਿਲੀ ਹੈ। ਅਸੀਂ ਉਨ੍ਹਾਂ ਨਾਲ ਗੱਲ ਕਰਾਂਗੇ ਕਿ ਇਹ ਕਿਵੇਂ ਹੋਇਆ ਅਤੇ ਜ਼ਰੂਰੀ ਕਦਮ ਚੁੱਕਾਂਗੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਚੀਜ਼ਾਂ ਨਾ ਹੋਣ।'' ਉਨ੍ਹਾਂ ਅੱਗੇ ਕਿਹਾ ਕਿ ਕ੍ਰਿਕਟ ਹੁਣ ਓਲੰਪਿਕ ਦਾ ਹਿੱਸਾ ਹੈ, ਇਸ ਲਈ ਨਿਯਮਾਂ ਦੀ ਪਾਲਣਾ ਲਾਜ਼ਮੀ ਹੈ, ''ਕ੍ਰਿਕਟ ਓਲੰਪਿਕ ਵਿੱਚ ਵਾਪਸ ਆ ਗਿਆ ਹੈ ਅਤੇ ਸਾਨੂੰ ਸਾਰੇ ਪ੍ਰੋਟੋਕੋਲ ਦੀ ਪਾਲਣਾ ਕਰਨ ਦੀ ਲੋੜ ਹੈ ਤਾਂ ਜੋ ਸਭ ਕੁਝ ਸੁਚਾਰੂ ਢੰਗ ਨਾਲ ਚੱਲ ਸਕੇ।''ਦੱਸਣਯੋਗ ਹੈ ਕਿ ਯਸ਼ਸਵੀ ਇਸ ਸਮੇਂ ਆਈ.ਪੀ.ਐੱਲ. ਵਿੱਚ ਖੇਡ ਰਹੇ ਹਨ। ਨਿਯਮਾਂ ਮੁਤਾਬਕ, ਜੇਕਰ ਕੋਈ ਖਿਡਾਰੀ ਲਗਾਤਾਰ ਤਿੰਨ ਵਾਰ ਟੈਸਟ ਲਈ ਉਪਲਬਧ ਨਹੀਂ ਹੁੰਦਾ, ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।

## Cee7News ਪੰਜਾਬ ਦੇ ਸਿਆਸੀ ਹਲਕਿਆਂ ਵਿੱਚ ਅੱਜ ਉਸ ਵੇਲੇ ਵੱਡਾ ਧਮਾਕਾ

# ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਮਨੀ ਲਾਂਡਰਿੰਗ ਦੇ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ

ਪੰਜਾਬ ਦੇ ਸਿਆਸੀ ਹਲਕਿਆਂ ਵਿੱਚ ਅੱਜ ਉਸ ਵੇਲੇ ਵੱਡਾ ਧਮਾਕਾ ਹੋਇਆ ਜਦੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸੂਬੇ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਮਨੀ ਲਾਂਡਰਿੰਗ ਦੇ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ। ਇਹ ਕਾਰਵਾਈ ਚੰਡੀਗੜ੍ਹ ਦੇ ਸੈਕਟਰ 2 ਸਥਿਤ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਲੰਬੀ ਛਾਪੇਮਾਰੀ ਅਤੇ ਪੁੱਛਗਿੱਛ ਤੋਂ ਬਾਅਦ ਕੀਤੀ ਗਈ ਹੈ। ਸ਼ਨੀਵਾਰ ਤੜਕਸਾਰ ਈ.ਡੀ. ਦੀਆਂ ਟੀਮਾਂ ਨੇ ਸੰਜੀਵ ਅਰੋੜਾ ਦੇ ਚੰਡੀਗੜ੍ਹ, ਦਿੱਲੀ ਅਤੇ ਗੁਰੂਗ੍ਰਾਮ ਸਮੇਤ ਲਗਭਗ ਪੰਜ ਤੋਂ ਛੇ ਟਿਕਾਣਿਆਂ 'ਤੇ ਇੱਕੋ ਸਮੇਂ ਛਾਪੇਮਾਰੀ ਸ਼ੁਰੂ ਕੀਤੀ। ਚੰਡੀਗੜ੍ਹ ਸਥਿਤ ਉਨ੍ਹਾਂ ਦੀ ਰਿਹਾਇਸ਼ 'ਤੇ ਕਰੀਬ 20 ਅਧਿਕਾਰੀ ਅੱਠ ਗੱਡੀਆਂ ਵਿੱਚ ਪਹੁੰਚੇ ਸਨ। ਕਈ ਘੰਟਿਆਂ ਦੀ ਤਲਾਸ਼ੀ ਅਤੇ ਦਸਤਾਵੇਜ਼ਾਂ ਦੀ ਪੜਤਾਲ ਤੋਂ ਬਾਅਦ, ਅਧਿਕਾਰੀਆਂ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਦੱਸਿਆ ਜਾ ਰਿਹਾ ਹੈ ਕਿ ਇਹ ਪਿਛਲੇ ਇੱਕ ਮਹੀਨੇ ਵਿੱਚ ਉਨ੍ਹਾਂ ਦੇ ਟਿਕਾਣਿਆਂ 'ਤੇ ਈ.ਡੀ. ਦੀ ਤੀਜੀ ਵੱਡੀ ਕਾਰਵਾਈ ਸੀ। ਇਲਜ਼ਾਮ?

ਸੂਤਰਾਂ ਅਨੁਸਾਰ, ਇਹ ਗ੍ਰਿਫ਼ਤਾਰੀ 100 ਕਰੋੜ ਰੁਪਏ ਤੋਂ ਵੱਧ ਦੇ ਕਥਿਤ ਜੀ.ਐੱਸ.ਟੀ. (GST) ਘੁਟਾਲੇ ਅਤੇ ਮਨੀ ਲਾਂਡਰਿੰਗ ਨਾਲ ਜੁੜੀ ਹੋਈ ਹੈ। ਈ.ਡੀ. ਦਾ ਇਲਜ਼ਾਮ ਹੈ ਕਿ ਸੰਜੀਵ ਅਰੋੜਾ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਸਬੰਧਤ ਕੰਪਨੀਆਂ, ਖ਼ਾਸ ਕਰਕੇ 'ਹੈਂਪਟਨ ਸਕਾਈ ਰਿਐਲਟੀ ਲਿਮਟਿਡ' (Hampton Sky Realty Limited), ਰਾਹੀਂ ਮੋਬਾਈਲ ਫ਼ੋਨਾਂ ਦੀ ਫਰਜ਼ੀ ਖਰੀਦ-ਫਰੋਖਤ ਦਿਖਾ ਕੇ ਕਰੋੜਾਂ ਰੁਪਏ ਦਾ ਚੂਨਾ ਲਗਾਇਆ ਗਿਆ ਹੈ। ਇਸ ਤੋਂ ਇਲਾਵਾ, ਦੁਬਈ ਅਤੇ ਭਾਰਤ ਦਰਮਿਆਨ 'ਕੈਸ਼ ਰਾਊਂਡ-ਟ੍ਰਿਪਿੰਗ' (ਗੈਰ-ਕਾਨੂੰਨੀ ਪੈਸੇ ਨੂੰ ਘੁਮਾ ਕੇ ਵਾਪਸ ਲਿਆਉਣਾ) ਦੇ ਸਬੂਤ ਵੀ ਮਿਲੇ ਹਨ।

ਸੰਜੀਵ ਅਰੋੜਾ ਆਮ ਆਦਮੀ ਪਾਰਟੀ (AAP) ਦੇ ਸੀਨੀਅਰ ਆਗੂ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੈਬਨਿਟ ਵਿੱਚ ਬਿਜਲੀ, ਉਦਯੋਗ, ਨਿਵੇਸ਼ ਪ੍ਰੋਤਸਾਹਨ ਅਤੇ ਸਥਾਨਕ ਸਰਕਾਰਾਂ ਵਰਗੇ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਸੰਭਾਲ ਰਹੇ ਸਨ। ਉਨ੍ਹਾਂ ਨੂੰ ਪੰਜਾਬ ਸਰਕਾਰ ਅਤੇ ਉਦਯੋਗਪਤੀਆਂ ਦੇ ਵਿਚਕਾਰ ਇੱਕ ਮਜ਼ਬੂਤ ਕੜੀ ਮੰਨਿਆ ਜਾਂਦਾ ਸੀ। ਆਮ ਆਦਮੀ ਪਾਰਟੀ: ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ ਹੈ।



ਉਨ੍ਹਾਂ ਦਾ ਕਹਿਣਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਸਿਆਸੀ ਬਦਲਾਖੋਰੀ ਤਹਿਤ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ ਤਾਂ ਜੋ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਸਰਕਾਰ ਨੂੰ ਬਦਨਾਮ ਕੀਤਾ ਜਾ ਸਕੇ।

ਵਿਰੋਧੀ ਧਿਰਾਂ: ਕਾਂਗਰਸ ਅਤੇ ਅਕਾਲੀ ਦਲ ਨੇ ਇਸ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਾਨੂੰਨ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ।

## Cee7News ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ

# ਈਡੀ (ED), ਸੀਬੀਆਈ (CBI), ਇਨਕਮ ਟੈਕਸ ਵਿਭਾਗ ਅਤੇ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਹੁਣ ਕੇਵਲ ਭਾਜਪਾ ਦੇ ਹਥਿਆਰ ਬਣ ਕੇ ਰਹਿ ਗਈਆਂ ਹਨ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਹੈ ਕਿ ਈਡੀ (ED), ਸੀਬੀਆਈ (CBI), ਇਨਕਮ ਟੈਕਸ ਵਿਭਾਗ ਅਤੇ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਹੁਣ ਕੇਵਲ ਭਾਜਪਾ ਦੇ ਹਥਿਆਰ ਬਣ ਕੇ ਰਹਿ ਗਈਆਂ ਹਨ। ਦੀ ਖ਼ਬਰ ਅਨੁਸਾਰ, ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਪੰਜਾਬ ਅਜਿਹੀਆਂ ਧਮਕੀਆਂ ਜਾਂ ਦਬਾਅ ਦੀ ਰਾਜਨੀਤੀ ਤੋਂ ਡਰਨ ਵਾਲਾ ਨਹੀਂ ਹੈ।ਮੁੱਖ ਮੰਤਰੀ ਮਾਨ ਨੇ ਦੋਸ਼ ਲਾਇਆ ਕਿ ਭਾਜਪਾ ਆਪਣੀ ਸਿਆਸੀ ਹੋਂਦ ਬਚਾਉਣ ਅਤੇ ਵਿਰੋਧੀਆਂ ਨੂੰ ਦਬਾਉਣ ਲਈ ਇਨ੍ਹਾਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਕਿਸੇ ਨੇਤਾ 'ਤੇ ਈਡੀ ਦੀ ਰੇਡ ਹੁੰਦੀ ਹੈ, ਤਾਂ ਉਸ ਦਾ ਅਸਲ ਮਕਸਦ ਭ੍ਰਿਸ਼ਟਾਚਾਰ ਨੂੰ ਰੋਕਣਾ ਨਹੀਂ, ਸਗੋਂ ਸਬੰਧਤ ਨੇਤਾ ਨੂੰ ਡਰਾ-ਧਮਕਾ ਕੇ ਭਾਜਪਾ ਵਿੱਚ ਸ਼ਾਮਲ ਕਰਵਾਉਣਾ ਹੁੰਦਾ ਹੈ। ਉਨ੍ਹਾਂ ਨੇ ਇਸ ਨੂੰ ਲੋਕਤੰਤਰ ਲਈ ਇੱਕ ਗੰਭੀਰ ਖ਼ਤਰਾ ਦੱਸਿਆ।ਭਗਵੰਤ ਮਾਨ ਨੇ ਪੁਰਾਣੇ ਮੁੱਦਿਆਂ ਨੂੰ ਚੇਤੇ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੇਤੀ ਦੇ ਤਿੰਨ ਕਾਲੇ ਕਾਨੂੰਨਾਂ ਲਈ ਪੰਜਾਬ ਅਤੇ ਦੇਸ਼ ਦੇ ਕਿਸਾਨਾਂ ਤੋਂ ਮੁਆਫ਼ੀ ਮੰਗਣੀ ਪਈ ਸੀ। ਉਨ੍ਹਾਂ ਅਨੁਸਾਰ, ਸ਼ਾਇਦ ਪ੍ਰਧਾਨ ਮੰਤਰੀ ਉਸ ਹਾਰ ਦਾ ਦਰਦ ਅਜੇ ਵੀ ਆਪਣੇ ਦਿਲ ਵਿੱਚ ਰੱਖੀ ਬੈਠੇ ਹਨ ਅਤੇ ਇਸੇ ਕਾਰਨ ਪੰਜਾਬ ਨਾਲ ਲਗਾਤਾਰ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਕੇਂਦਰ ਸਰਕਾਰ ਪੰਜਾਬ ਵਿਰੋਧੀ ਫੈਸਲੇ ਲੈਣਾ ਜਾਰੀ ਰੱਖਦੀ ਹੈ, ਤਾਂ ਭਾਜਪਾ ਨੇਤਾ ਆਉਣ ਵਾਲੀਆਂ ਚੋਣਾਂ ਵਿੱਚ ਕਿਸ ਮੂੰਹ ਨਾਲ ਲੋਕਾਂ ਤੋਂ ਵੋਟਾਂ ਮੰਗਣਗੇ।ਇਸ ਦੌਰਾਨ ਪੰਜਾਬ ਵਿੱਚ ਸਿਆਸੀ ਹਲਚਲ ਤੇਜ਼ ਹੈ, ਖਾਸ ਕਰਕੇ ਜਦੋਂ ਮੰਤਰੀ ਸੰਜੀਵ ਅਰੋੜਾ ਦੇ ਘਰ ਈਡੀ ਵੱਲੋਂ ਦੁਬਾਰਾ ਛਾਪੇਮਾਰੀ ਕੀਤੀ ਗਈ। ਮੁੱਖ ਮੰਤਰੀ ਨੇ ਇਨ੍ਹਾਂ ਕਾਰਵਾਈਆਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੀ ਜਨਤਾ ਹਮੇਸ਼ਾ ਜ਼ੁਲਮ ਵਿਰੁੱਧ ਲੜਦੀ ਆਈ ਹੈ ਅਤੇ ਕੇਂਦਰ ਦੇ ਅਜਿਹੇ ਹੱਥਕੰਡੇ ਪੰਜਾਬੀਆਂ ਦੇ ਹੌਸਲੇ ਪਸਤ ਨਹੀਂ ਕਰ ਸਕਦੇ।ਮੁੱਖ ਮੰਤਰੀ ਭਗਵੰਤ ਮਾਨ ਨੇ ਮੰਤਰੀ ਸੰਜੀਵ ਅਰੋੜਾ ਦੇ ਘਰ ਈ.ਡੀ. ਦੀ ਰੇਡ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਈ.ਡੀ. ਦੀ ਵਰਤੋਂ ਰਾਜਨੀਤਕ ਉਦੇਸ਼ਾਂ ਲਈ ਕਰ ਰਹੀ ਹੈ। ਈਡੀ, ਸੀਬੀਆਈ, ਇਨਕਮ ਟੈਕਸ ਤੇ ਚੋਣ ਕਮਿਸ਼ਨ ਬੀਜੇਪੀ ਦੇ ਹਥਿਆਰ ਹਨ। ਬੀਜੇਪੀ ਆਪਣੀ ਰਾਜਨੀਤੀ ਵਾਸਤੇ ਇਨ੍ਹਾਂ ਦਾ ਇਸਤੇਮਾਲ ਕਰਦੀ ਆ ਰਹੀ। ਈਡੀ ਦੀ ਰੇਡ ਦਾ ਮਕਸਦ ਬੀਜੇਪੀ ਜੁਆਇੰਨ ਕਰਵਾਉਣਾ ਹੁੰਦਾ ਹੈ। ਮਾਨ ਨੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਪੰਜਾਬ ਦੇ ਫੰਡ ਰੋਕ ਕੇ ਜਾਂ ਏਜੰਸੀਆਂ ਰਾਹੀਂ ਡਰਾ ਕੇ ਵਿਕਾਸ ਕਾਰਜਾਂ ਨੂੰ ਰੋਕਣ ਦੀ ਕੋਸ਼ਿਸ਼ ਨਾ ਕਰੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਉਹ ਕਿਸੇ ਵੀ ਦਬਾਅ ਅੱਗੇ ਨਹੀਂ ਝੁਕਣਗੇ। ਮੁੱਖ ਮੰਤਰੀ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਵੀ ਕਈ ਅਹਿਮ ਮੁੱਦਿਆਂ 'ਤੇ ਚਰਚਾ ਹੋ ਰਹੀ ਸੀ ਅਤੇ ਰਾਜਨੀਤਿਕ ਮਾਹੌਲ ਪੂਰੀ ਤਰ੍ਹਾਂ ਭਖਿਆ ਹੋਇਆ ਸੀ। ਖਰੜ ਰੇਡ ਬਾਰੇ ਬੋਲਦਿਆਂ ਸੀਐੱਮ ਭਗਵੰਤ ਮਾਨ



ਨੇ ਕਿਹਾ ਕਿ ਦੋ ਦਿਨ ਪਹਿਲਾਂ ਇਕ ਕਾਰੋਬਾਰੀ 'ਤੇ ਈਡੀ ਦੀ ਰੇਡ ਹੋਈ। ਮੰਤਰੀ ਅਮਨ ਅਰੋੜਾ ਦਾ ਨਾਮ ਰੇਡ ਨਾਲ ਜੋੜਿਆ ਗਿਆ ਸੀ। ਅਮਨ ਅਰੋੜਾ ਦੀਆਂ ਕਈ ਲੋਕਾਂ ਨਾਲ ਤਸਵੀਰਾਂ ਹਨ। ਮੇਰੀਆਂ ਕਈ ਲੋਕਾਂ ਨਾਲ ਤਸਵੀਰਾਂ ਹਨ ਤਾਂ ਕੀ ਅਸੀਂ ਗੁਨਾਹਗਾਰ ਹੋ ਗਏ। ਉਨ੍ਹਾਂ ਅੱਗੇ ਕਿਹਾ ਕਿ ਬੰਗਾਲ ਵਿਚ ਭਾਜਪਾ ਦੇ ਸਹੁੰ ਚੁੱਕਣ ਤੋਂ ਪਹਿਲਾਂ ਹੀ ਪੂਰਾ ਰਾਜ ਅੱਗ ਵਿਚ ਸੜ ਰਿਹਾ ਹੈ। ਭਾਜਪਾ ਨਫ਼ਰਤ ਦੀ ਰਾਜਨੀਤੀ ਕਰਦੀ ਹੈ, ਪਰ ਪੰਜਾਬ ਗੁਰੂਆਂ ਦੀ ਧਰਤੀ ਹੈ, ਇਸ ਤਰ੍ਹਾਂ ਦੀ ਰਾਜਨੀਤੀ ਇਥੇ ਨਹੀਂ ਚੱਲੇਗੀ।ਮੁੱਖ ਮੰਤਰੀ ਮਾਨ ਨੇ ਬੋਲਦਿਆਂ ਕਿਹਾ ਕਿ ਪੰਜਾਬੀਆਂ ਨੇ ਤਿੰਨ ਕਾਲੇ ਖੇਤੀਬਾੜੀ ਕਾਨੂੰਨਾਂ ਅੱਗੇ ਕੇਂਦਰ ਨੂੰ ਝੁਕਾਇਆ ਅਤੇ ਮੋਦੀ ਜੀ ਨੇ ਇਸ ਦੀ ਮੁਆਫ਼ੀ ਵੀ ਮੰਗੀ ਸੀ ਸ਼ਾਇਦ ਮੋਦੀ ਜੀ ਅਜੇ ਵੀ ਦਿਲ 'ਚ ਇਸ ਗੱਲ ਦਾ ਗੁੱਸਾ ਲਈ ਬੈਠੇ ਹਨ। ਕਦੇ ਉਹ ਕਹਿੰਦੇ ਹਨ ਕਿ ਉਹ ਚੰਡੀਗੜ੍ਹ ਨੂੰ ਇਕ ਵੱਖਰਾ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦੇਣਗੇ। ਉਹ ਇਸ ਲਈ ਇਕ ਵੱਖਰਾ ਰਾਜਪਾਲ ਨਿਯੁਕਤ ਕਰਨਗੇ। ਕਦੇ ਉਹ ਕਹਿੰਦੇ ਹਨ ਕਿ ਪੰਜਾਬ ਯੂਨੀਵਰਸਿਟੀ ਸਾਡੀ ਹੈ। ਕਦੇ ਉਹ ਕਹਿੰਦੇ ਹਨ ਕਿ ਉਹ ਭਾਖੜਾ ਡੈਮ 'ਤੇ ਸੀ.ਆਈ.ਐਫ. ਲਗਾ ਕੇ ਹਰਿਆਣਾ ਨੂੰ ਪਾਣੀ ਦੇਣਗੇ। ਕਦੇ ਉਹ ਕਹਿੰਦੇ ਹਨ ਕਿ ਉਹ ਝੋਨਾ ਨਹੀਂ ਚੁੱਕਣਗੇ, ਉਹ 26 ਜਨਵਰੀ ਨੂੰ ਪੰਜਾਬ ਦੀ ਝਾਂਕੀ ਨਹੀਂ ਦਿਖਾਉਣਗੇ। ਕਦੇ ਉਹ ਕਹਿੰਦੇ ਹਨ ਕਿ ਉਹ ਆਰ.ਡੀ.ਐਫ਼. ਲਈ ਭੁਗਤਾਨ ਨਹੀਂ ਕਰਨਗੇ। ਫਿਰ ਉਹ ਵੋਟਾਂ ਮੰਗਣ ਲਈ ਪੰਜਾਬ ਕਿਸ ਮੂੰਹ ਨਾਲ ਆਉਣਗੇ।ਮੁੱਖ ਮੰਤਰੀ ਨੇ ਕਿਹਾ ਕਿ ਮੈਂ ਭਾਜਪਾ, ਮੋਦੀ ਅਤੇ ਸ਼ਾਹ ਨੂੰ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਇਹ ਪੰਜਾਬ ਹੈ। ਇਹ ਧਮਕੀਆਂ ਅੱਗੇ ਨਹੀਂ ਝੁਕਦਾ। ਸੁਨੀਲ ਜਾਖੜ ਬਾਰੇ ਬੋਲਦਿਆਂ ਸੀਐੱਮ ਮਾਨ ਨੇ ਕਿਹਾ ਕਿ ਸੁਨੀਲ ਜਾਖੜ ਕਹਿ ਰਿਹਾ ਭਗਵੰਤ ਮਾਨ 'ਤੇ ਦੇਸ਼ ਧ੍ਰੋਹੀ ਦਾ ਕੇਸ ਦਰਜ ਕਰੋ। ਹੁਣ ਇਹ ਸਾਨੂੰ ਦੇਸ਼ ਭਗਤੀ ਦੇ ਸਰਟੀਫਿਕੇਟ ਦੇਣਗੇ।ਬੇਅਦਬੀ ਕਾਨੂੰਨ ਬਾਰੇ ਬੋਲਦਿਆਂ ਸੀਐੱਮ ਨੇ ਕਿਹਾ ਕਿ ਦੁਨੀਆਂ ਭਰ ਦੀ ਸਾਰੀ ਸੰਗਤ ਨੂੰ ਬੇਅਦਬੀ ਕਾਨੂੰਨ ਪ੍ਰਵਾਨ ਹੈ ਪਰ ਇਕ ਪ੍ਰਵਾਰ ਨੂੰ ਕਾਨੂੰਨ ਪਸੰਦ ਨਹੀਂ ਆਇਆ ਕਿਉਂਕਿ ਉਹ ਪਰਿਵਾਰ ਖੁਦ ਬੇਅਦਬੀਆਂ ਵਿਚ ਸ਼ਾਮਲ ਹੈ।

# ਅਧਿਆਪਕਾਂ 'ਤੇ ਦੋਹਰੀਆਂ ਡਿਊਟੀਆਂ ਦਾ ਬੋਝ ਬਰਦਾਸ਼ਤ ਤੋਂ ਬਾਹਰ: ਮਾਸਟਰ ਕੇਡਰ ਯੂਨੀਅਨ



## ਐਸ.ਡੀ.ਐਮ ਤਰਨ ਤਾਰਨ ਨੂੰ ਮੰਗ ਪੱਤਰ ਦੇ ਕੇ ਦੋਹਰੀਆਂ ਡਿਊਟੀਆਂ ਤੁਰੰਤ ਕੱਟਣ ਦੀ ਕੀਤੀ ਮੰਗ |

ਤਰਨਤਾਰਨ 8 ਮਈ

ਗੁਰਪ੍ਰੀਤ ਸਿੰਘ ਕੱਦ ਗਿੱਲ

ਮਾਸਟਰ ਕੇਡਰ ਯੂਨੀਅਨ ਦੀ ਤਰਨ ਤਾਰਨ ਇਕਾਈ ਦੇ ਵਫਦ ਵੱਲੋਂ ਅਧਿਆਪਕਾਂ ਦੀਆਂ ਦੋਹਰੀਆਂ ਡਿਊਟੀਆਂ ਦੇ ਮਾਮਲੇ ਸਬੰਧੀ ਐਸ.ਡੀ.ਐਮ ਤਰਨ ਤਾਰਨ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੱਲਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀਆਂ ਇੱਕੋ ਸਮੇਂ ਦੋਹਰੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ, ਜਿਸ ਕਾਰਨ ਅਧਿਆਪਕ ਵਰਗ ਭਾਰੀ ਮਾਨਸਿਕ ਦਬਾਅ ਅਤੇ ਪਰੇਸ਼ਾਨੀ ਦਾ ਸਾਹਮਣਾ ਕਰ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇੱਕ ਅਧਿਆਪਕ ਨੂੰ ਵੱਖ-ਵੱਖ ਸਰਕਾਰੀ ਡਿਊਟੀਆਂ ਲਈ ਲਗਾਤਾਰ ਫੋਨ ਆ ਰਹੇ ਹਨ, ਪਰ ਕਿਸੇ ਵੀ ਅਧਿਕਾਰੀ ਵੱਲੋਂ ਇਹ ਨਹੀਂ ਦੇਖਿਆ ਜਾਂਦਾ ਕਿ ਉਸ ਅਧਿਆਪਕ ਦੀ ਪਹਿਲਾਂ ਹੀ ਕੋਈ ਹੋਰ ਡਿਊਟੀ ਲੱਗੀ ਹੋਈ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਇੱਕੋ ਸਮੇਂ BLO ਡਿਊਟੀ, ਜਨਗਣਨਾ, ਡਿਜੀਟਲ ਜਨਗਣਨਾ ਅਤੇ ਡਰੱਗ ਸਰਵੇ ਵਰਗੀਆਂ ਡਿਊਟੀਆਂ ਨਿਭਾਉਣਾ ਅਧਿਆਪਕਾਂ ਲਈ ਬਹੁਤ ਮੁਸ਼ਕਿਲ ਬਣ ਗਿਆ ਹੈ।

ਯੂਨੀਅਨ ਆਗੂਆਂ ਨੇ ਕਿਹਾ ਕਿ ਜਿੱਥੇ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਅਧਿਆਪਕ ਵਰਗ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਪ੍ਰਸ਼ਾਸਨ ਵੱਲੋਂ ਵੱਖ-ਵੱਖ ਗੈਰ-ਅਕਾਦਮਿਕ ਡਿਊਟੀਆਂ ਦਾ ਵਾਧੂ ਬੋਝ ਵੀ ਪਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਸ਼ਾਸਨ ਕੋਲ ਅਜਿਹਾ ਕੋਈ ਡਾਟਾ ਮੈਨੇਜਮੈਂਟ ਸਿਸਟਮ ਨਹੀਂ ਹੈ, ਜਿਸ ਨਾਲ ਇਹ ਜਾਂਚਿਆ ਜਾ ਸਕੇ ਕਿ ਕਿਸ ਅਧਿਆਪਕ ਦੀ ਪਹਿਲਾਂ ਹੀ ਡਿਊਟੀ ਲੱਗੀ ਹੋਈ ਹੈ।

ਇਸ ਮੌਕੇ ਵਫਦ ਨੇ ਐਸ.ਡੀ.ਐਮ ਤਰਨ ਤਾਰਨ ਨੂੰ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਕਿ ਅਧਿਆਪਕਾਂ ਦੀਆਂ ਦੋਹਰੀਆਂ ਡਿਊਟੀਆਂ ਤੁਰੰਤ ਰੱਦ ਕੀਤੀਆਂ ਜਾਣ। ਐਸ.ਡੀ.ਐਮ ਵੱਲੋਂ ਯੂਨੀਅਨ ਨੂੰ ਭਰੋਸਾ ਦਿਵਾਇਆ ਗਿਆ ਕਿ ਦੋਹਰੀਆਂ ਡਿਊਟੀਆਂ ਕੱਟਣ ਲਈ ਜਲਦ ਕਾਰਵਾਈ ਕੀਤੀ ਜਾਵੇਗੀ।

ਯੂਨੀਅਨ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਭਵਿੱਖ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਅਧਿਆਪਕ ਨੂੰ ਇੱਕੋ ਸਮੇਂ ਦੋਹਰੀ ਡਿਊਟੀ ਨਾ ਦਿੱਤੀ ਜਾਵੇ, ਤਾਂ ਜੋ ਅਧਿਆਪਕ ਵਰਗ ਨੂੰ ਦਰਪੇਸ਼ ਮਾਨਸਿਕ ਪਰੇਸ਼ਾਨੀ ਤੋਂ ਬਚਾਇਆ ਜਾ ਸਕੇ।

ਇਸ ਮੌਕੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੱਲਰ ਤੋਂ ਇਲਾਵਾ ਜ਼ਿਲ੍ਹਾ ਜਨਰਲ ਸਕੱਤਰ ਸੁਖਦੇਵ ਰਾਜ, ਸੀਨੀਅਰ ਮੀਤ ਪ੍ਰਧਾਨ ਰਸ਼ਪਾਲ ਸਿੰਘ, ਸਰਪ੍ਰਸਤ ਮਨਜਿੰਦਰ ਸਿੰਘ, ਵਿੱਤ ਸਕੱਤਰ ਜੁਗਰਾਜ ਸਿੰਘ, ਸਟੇਟ ਕਮੇਟੀ ਮੈਂਬਰ ਪਰਮਿੰਦਰ ਸਿੰਘ, ਮੀਡੀਆ ਕੋਆਰਡੀਨੇਟਰ ਰਾਜਪਾਲ ਸਿੰਘ, ਮਨਜਿੰਦਰ ਸਿੰਘ ਢਿੱਲੋਂ, ਗਗਨ ਕੱਕੜ, ਹਰਮਨਦੀਪ ਸਿੰਘ, ਹਰਪ੍ਰੀਤ ਸਿੰਘ, ਪ੍ਰਸ਼ੋਤਮ ਸਿੰਘ, ਹਰਪਾਲ ਸਿੰਘ ਅਤੇ ਦਿਲਰਾਜ ਸਿੰਘ ਸਮੇਤ ਹੋਰ ਆਗੂ ਹਾਜ਼ਰ ਸਨ।




# ਸਿੰਪਸ ਇੰਸਟੀਚਿਊਟ ਰਾਣੀ ਵਲਾਹ ਵਿਖੇ "ਮਾਂ ਦਿਵਸ" ਮਨਾਇਆ ਗਿਆ




ਚੋਹਲਾ ਸਾਹਿਬ 9 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਇਨਸਾਨ ਦੀ ਜ਼ਿੰਦਗੀ ਵਿੱਚ ਮਾਂ ਉਹ ਰੋਸ਼ਨੀ ਹੁੰਦੀ ਹੈ, ਜੋ ਆਪਣੇ ਆਪ ਨੂੰ ਸਾੜ ਕੇ ਵੀ ਬੱਚਿਆਂ ਦੇ ਰਸਤੇ ਚਾਨਣ ਕਰਦੀ ਰਹਿੰਦੀ ਹੈ। ਮਾਂ ਦੀ ਮਮਤਾ ਕਿਸੇ ਦਰਿਆ ਵਾਂਗ ਹੁੰਦੀ ਹੈ—ਨਿਰੰਤਰ ਵਗਦੀ, ਨਿਸ਼ਕਾਮ ਤੇ ਪਵਿੱਤਰ। ਇਸੇ ਅਮਰ ਮਮਤਾ ਨੂੰ ਨਮਨ ਕਰਨ ਲਈ ਅੱਜ ਸਕੂਲ ਵਿਖੇ ਮਾਂ ਦਿਵਸ ਬੜੀ ਸ਼ਰਧਾ, ਪਿਆਰ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਮਾਂ ਦੀ ਮਹੱਤਤਾ ਨੂੰ ਸਮਰਪਿਤ ਗੀਤ, ਕਵਿਤਾਵਾਂ ਅਤੇ ਭਾਵਪੂਰਤ ਵਿਚਾਰ ਪੇਸ਼ ਕੀਤੇ ਗਏ। ਬੱਚਿਆਂ ਨੇ ਆਪਣੀਆਂ ਮਾਵਾਂ ਪ੍ਰਤੀ ਸਤਿਕਾਰ ਅਤੇ ਪਿਆਰ ਨੂੰ ਸ਼ਬਦਾਂ ਰਾਹੀਂ ਇਸ ਅੰਦਾਜ਼ ਵਿੱਚ ਪ੍ਰਗਟ ਕੀਤਾ ਕਿ ਹਾਲ ਵਿੱਚ ਬੈਠੇ ਹਰ ਵਿਅਕਤੀ ਦੀਆਂ ਅੱਖਾਂ ਨਮੀ ਨਾਲ ਭਰ ਗਈਆਂ। ਮਾਵਾਂ ਲਈ ਵਿਸ਼ੇਸ਼ ਕਾਰਡ ਅਤੇ ਸੁਨੇਹੇ ਵੀ ਤਿਆਰ ਕੀਤੇ ਗਏ, ਜਿਨ੍ਹਾਂ ਵਿੱਚ ਬੱਚਿਆਂ ਦੇ ਦਿਲ ਦੀ ਸੱਚੀ ਭਾਵਨਾ ਝਲਕ ਰਹੀ ਸੀ।ਇਸ ਮੌਕੇ ਸਕੂਲ ਦੇ ਕਾਰਜਕਾਰੀ ਪ੍ਰਧਾਨ ਸ੍ਰੀਮਤੀ ਸ਼ੱਸ਼ੀ ਸ਼ਰਮਾ, ਐਜੂਕੇਸ਼ਨਲ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ,ਸ ਗੁਲਵਿੰਦਰ ਸਿੰਘ ਸੰਧੂ,ਮਦਨ ਪਠਾਣੀਆਂ ਪ੍ਰਿੰਸੀਪਲ ਨਿਰਭੈ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਂ ਸਿਰਫ਼ ਇੱਕ ਰਿਸ਼ਤਾ ਨਹੀਂ, ਸਗੋਂ ਉਹ ਰੱਬੀ ਨੇਮਤ ਹੈ ਜਿਸਦੀ ਗੋਦ ਵਿੱਚ ਮਨੁੱਖ ਸਭ ਤੋਂ ਪਹਿਲਾਂ ਪਿਆਰ, ਸਬਰ ਅਤੇ ਸੰਸਕਾਰਾਂ ਦਾ ਪਾਠ ਸਿੱਖਦਾ ਹੈ। ਉਨ੍ਹਾਂ ਕਿਹਾ ਕਿ ਜਿਸ ਘਰ ਵਿੱਚ ਮਾਂ ਦੀ ਇੱਜ਼ਤ ਹੁੰਦੀ ਹੈ, ਉਥੇ ਰਹਿਮਤਾਂ ਆਪਣੇ ਆਪ ਵਸਦੀਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਅੱਜ ਦੇ ਤੇਜ਼ ਰਫ਼ਤਾਰ ਸਮੇਂ ਵਿੱਚ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀਆਂ ਮਾਵਾਂ ਨੂੰ ਸਮਾਂ, ਸਤਿਕਾਰ ਅਤੇ ਪਿਆਰ ਦੇਈਏ, ਕਿਉਂਕਿ ਮਾਂ ਦੀ ਦੁਆ ਉਹ ਛਾਂ ਹੈ ਜੋ ਮਨੁੱਖ ਨੂੰ ਜ਼ਿੰਦਗੀ ਦੇ ਹਰ ਤੂਫ਼ਾਨ ਤੋਂ ਬਚਾ ਲੈਂਦੀ ਹੈ।ਸਮਾਗਮ ਦੇ ਅੰਤ ਵਿੱਚ ਸਭ ਨੇ ਮਾਂ ਦੀ ਸਿਹਤ, ਖੁਸ਼ਹਾਲੀ ਅਤੇ ਲੰਬੀ ਉਮਰ ਲਈ ਅਰਦਾਸ ਕੀਤੀ।

# ਵਿਸ਼ਾਲ ਪੱਧਰ 'ਤੇ ਮਨਾਈ ਨਾਲ ਮਨਾਈ ਜਾਵੇਗੀ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ- ਐਡਵੋਕੇਟ ਧਾਮੀ



ਸ਼ਤਾਬਦੀ ਸਬੰਧੀ ਸਮਾਗਮਾਂ ਦੀ ਰੂਪ ਰੇਖਾ ਉਲੀਕਣ ਲਈ ਸਬ-ਕਮੇਟੀ ਦੀ ਹੋਈ ਇਕੱਤਰਤਾ |

ਅੰਮ੍ਰਿਤਸਰ, 9 ਮਈ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਉਲੀਕਣ ਲਈ ਅੱਜ ਸਬ-ਕਮੇਟੀ ਦੀ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਈ। ਇਕੱਤਰਤਾ 'ਚ 20 ਫ਼ਰਵਰੀ 2027 ਨੂੰ ਆ ਰਹੇ ਭਗਤ ਰਵਿਦਾਸ ਜੀ ਦੇ 650 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ ਕੀਤੇ ਜਾਣ ਵਾਲੇ ਧਾਰਮਿਕ ਸਮਾਗਮ, ਸੈਮੀਨਾਰ, ਕੀਰਤਨ ਦਰਬਾਰ ਅਤੇ ਉਨ੍ਹਾਂ ਦੇ ਜਨਮ ਅਸਥਾਨ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

ਇਕੱਤਰਤਾ ਮਗਰੋਂ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼ਤਾਬਦੀ ਨੂੰ ਸਮਰਪਿਤ ਭਗਤ ਰਵਿਦਾਸ ਜੀ ਦੇ ਜੀਵਨ, ਫਸਲਫੇ ਅਤੇ ਗੁਰਬਾਣੀ ਸਬੰਧੀ 6 ਸੈਮੀਨਾਰ ਕਰਵਾਉਣ ਅਤੇ ਵੱਖ-ਵੱਖ ਅਸਥਾਨਾਂ 'ਤੇ 8 ਕੀਰਤਨ ਦਰਬਾਰ ਕਰਵਾਏ ਜਾਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਭਗਤ ਰਵਿਦਾਸ ਜੀ ਦੇ ਜਨਮ ਅਸਥਾਨ ਗੋਵਰਧਨਪੁਰ (ਵਾਰਾਨਸੀ) ਤੋਂ ਵਿਸ਼ੇਸ਼ ਨਗਰ ਕੀਰਤਨ ਸਜਾਇਆ ਜਾਵੇਗਾ, ਜੋ ਵੱਖ-ਵੱਖ ਸੂਬਿਆਂ ਤੋਂ ਹੁੰਦਾ ਹੋਇਆ ਪੰਜਾਬ ਪੁੱਜੇਗਾ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਦੇ ਜੀਵਨ, ਇਤਿਹਾਸ ਬਾਰੇ ਵੱਖ-ਵੱਖ ਭਾਸ਼ਾਵਾਂ ਵਿਚ ਕਿਤਾਬਚੇ ਵੀ ਛਾਪੇ ਜਾਣਗੇ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਸਮਾਗਮਾਂ ਦੀ ਰੂਪ ਰੇਖਾ ਤਿਆਰ ਕਰਨ ਦੇ ਨਾਲ-ਨਾਲ ਮਹਾਂਪੁਰਸ਼ਾਂ ਅਤੇ ਭਾਈਚਾਰੇ ਦੇ ਲੋਕਾਂ ਨਾਲ ਤਾਲਮੇਲ ਕਰਨ ਲਈ ਸ਼੍ਰੋਮਣੀ ਕਮੇਟੀ ਮੈਂਬਰਾਂ 'ਤੇ ਅਧਾਰਿਤ ਸਬ-ਕਮੇਟੀਆਂ ਵੀ ਬਣਾ ਦਿੱਤੀਆਂ ਗਈਆਂ ਹਨ। ਇਨ੍ਹਾਂ ਕਮੇਟੀਆਂ ਦੇ ਨੁਮਾਇੰਦੇ ਵੱਖ-ਵੱਖ ਮਹਾਂਪੁਰਖਾਂ ਨਾਲ ਰਾਬਤਾ ਕਰਨਗੇ, ਜਿਸ ਮਗਰੋਂ 25 ਮਈ ਨੂੰ ਇਨ੍ਹਾਂ ਨਾਲ ਮੀਟਿੰਗ ਕਰਕੇ ਸਮਾਗਮਾਂ ਦੀ ਸਫਲਤਾ ਸਬੰਧੀ ਰਾਏ ਲਈ ਜਾਵੇਗੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਵੀ ਦੱਸਿਆ ਕਿ ਵੱਖ-ਵੱਖ ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਦੇ ਕਕਾਰ ਉਤਾਰੇ ਜਾਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਇਤਰਾਜ਼ ਮਗਰੋਂ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਅਜਿਹੀਆਂ ਘਟਨਾਵਾਂ ਦੀ ਮੁਆਫ਼ੀ ਮੰਗਦਿਆਂ ਭਵਿੱਖ ਵਿਚ ਅਜਿਹਾ ਨਾ ਹੋਣ ਸਬੰਧੀ ਪੱਤਰ ਭੇਜਿਆ ਗਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਮਾਮਲਾ ਹੈ, ਅੱਗੇ ਤੋਂ ਕਿਸੇ ਵੀ ਸਿੱਖ ਵਿਦਿਆਰਥੀਆਂ ਨਾਲ ਅਜਿਹਾ ਨਾ ਹੋਵੇ ਇਸ ਲਈ ਸਬੰਧਤ ਏਜੰਸੀ ਨੂੰ ਪਬਲਿਕ ਨੋਟਿਸ ਰਾਹੀਂ ਸਪੱਸ਼ਟ ਕਰਨ ਲਈ ਆਖਿਆ ਗਿਆ ਹੈ।

## ਆਏ ਦਿਨ ਕੋਈ ਨਾ ਕੋਈ ਧੀ ਦੀ ਖਬਰ ਸੁਣ ਜਾਂਦੀ ਕੇ ਉਸਦੇ ਸਹੁਰੇ ਪਰਿਵਾਰ ਨੇ ਮਾਰ ਦਿੱਤਾ



ਆਏ ਦਿਨ ਕੋਈ ਨਾ ਕੋਈ ਧੀ ਦੀ ਖਬਰ ਸੁਣ ਜਾਂਦੀ ਕੇ ਉਸਦੇ ਸਹੁਰੇ ਪਰਿਵਾਰ ਨੇ ਮਾਰ ਦਿੱਤਾ ਜਾ ਫਿਰ ਕੁੜੀ ਨੇ ਖੁਦ ਆਤਮ ਹੱਤਿਆਂ ਕਰ ਲਈ।
ਫਿਰ ਮਾਪੇ ਤਰ੍ਹਾਂ ਤਰ੍ਹਾਂ ਦੇ ਇਲਜਾਮ ਲਗਾਉਂਦੇ ਆ।
ਧੀ ਦੇ ਮਾਪੇ ਵੀ ਕਾਤਲ ਹੁੰਦੇ ਧੀ ਦੇ।
ਭਾਵੇਂ ਹੁਣ ਕਿਸੇ ਦੇ ਗਿੱਟੇ, ਗੋਡੇ ਲੱਗੇ ਇਹ ਸਚਾਈ ਹੈਂ।
ਕੁੜੀ ਦੇ ਮਾਪੇ ਵੀ ਤਲਾਕ ਨੂੰ ਬੇਇੱਜ਼ਤੀ ਸਮਝਦੇ ਆ ਕਿ ਸਾਡੀ ਇੱਜਤ ਖਰਾਬ ਹੋ ਜਾਵੇਗੀ।
ਉਹ ਵੀ ਚਾਹੁੰਦੇ ਕਿ ਸਮਝਾ ਬੁਝਾ ਕੇ ਕੁੜੀ ਨੂੰ ਉੱਥੇ ਹੀ ਵਸਾਇਆ ਜਾਵੇ।
ਕੁੜੀ ਇੱਕ ਵਾਰ, ਦੋ ਵਾਰ, ਜਾਂ ਵੱਧ ਤੋਂ ਵੱਧ ਤਿੰਨ ਵਾਰ ਦੱਸਦੀ ਮਾਂ ਬਾਪ ਨੂੰ ਫਿਰ ਜਿੰਦਗੀ ਨਾਲ ਸਮਝੋਤਾ ਕਰ ਲੈਦੀ ਆ।
ਜਿਸਦਾ ਰਿਜਲਟ ਕੁੱਝ ਸਮਾਂ ਪਾ ਕੇ ਫਿਰ ਇਹ ਆਉਂਦਾ ਜਾਂ ਕੁੜੀ ਆਪ ਮਰ ਜਾਦੀ ਜਾਂ ਸਹੁਰੇ ਮਾਰ ਦਿੰਦੇ।
ਸਾਡੇ ਜੱਟ ਵਾਦ ਵਿੱਚ ਤਲਾਕ ਸਬਦ ਅਣਖ ਦੇ ਵਿਰੁੱਧ ਸਮਝਿਆ ਜਾਂਦਾ।
ਕੀ ਤਲਾਕ ਕੋਈ ਗੁਨਾਹ ਹੈਂ?

## ਕੋਸ਼ਿਸ਼ ਹਜ਼ਾਰ ਵਾਰ ਕਰੋ ,ਪਰ ਹਰ ਵਾਰ ਨਵੇਂ ਤਰੀਕੇ ਨਾਲ....



ਥਾਮਸ ਐਲਵਾ ਐਡੀਸਨ ਨੂੰ ਕੌਣ ਨਹੀਂ ਜਾਣਦਾ, ਉਹਨਾਂ ਦੀ ਬਦੌਲਤ ਹੀ ਸਾਡੇ ਘਰਾਂ ਵਿੱਚ ਚਾਨਣ ਹੋ ਸਕਿਆ ਕਿਉਂਕਿ ਉਨ੍ਹਾਂ ਨੇ ਬੱਲਬ ਦੀ ਖੋਜ਼ ਕੀਤੀ ਅਤੇ ਇਸ ਦੁਨੀਆ ਵਿੱਚ ਰੌਸ਼ਨੀ ਲਿਆਂਦੀ ,ਬੇਸ਼ੱਕ ਲੋਕ ਦੀਵੇ ਬਾਲ ਕੇ ਜਾਂ ਪੁਰਾਣੇ ਸਮੇਂ ਵਰਤੀਆਂ ਜਾਂਦੀਆਂ ਲੈਂਪਾਂ ਨਾਲ ਜਾਂ ਅੱਗ ਬਾਲਕੇ ਰਾਤ ਨੂੰ ਰੌਸ਼ਨੀ ਦੇ ਸਹਾਰੇ ਆਪਣੇ ਰੋਜ਼ ਮਰਾ ਦੇ ਕੰਮ ਕਾਰ ਕਰਦੇ ਸਨ ਪਰ ਜੋ ਰੌਸ਼ਨੀ ਬੱਲਬ ਦੇ ਸਕਦਾ ਹੈ ਉਸਦਾ ਮੁਕਾਬਲਾ ਦੀਵੇ ਜਾਂ ਲੈਂਪਾਂ ਨਹੀਂ ਕਰ ਸਕਦੇ ,ਇਸ ਮਹਾਨ ਕਾਰਜ ਲਈ ਥਾਮਸ ਐਡੀਸਨ ਨੂੰ ਹਮੇਸ਼ਾਂ ਯਾਦ ਕੀਤਾ ਜਾਵੇਗਾ ,ਪਰ ਉਨ੍ਹਾਂ ਦਾ ਜਿਕਰ ਕਰਨ ਦਾ ਭਾਵ ਇਹ ਹੈ ਕਿ ਬੱਲਬ ਦੀ ਖੋਜ਼ ਦੌਰਾਨ ਉਨ੍ਹਾਂ ਨੂੰ 1000 ਵਾਰ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਸਫਲਤਾ ਮਿਲੀ ਪਰ ਉਨ੍ਹਾਂ ਨੇ ਹਾਰ ਨਹੀਂ ਮੰਨੀ ਅਤੇ ਕੋਸ਼ਿਸ਼ ਕਰਨੀ ਨਹੀਂ ਛੱਡੀ ਅਤੇ ਜਦੋਂ ਉਨ੍ਹਾਂ ਨੂੰ ਇਸ ਦਾ ਰਾਜ਼ ਪੁੱਛਿਆ ਗਿਆ ਕਿ ਤੁਸੀਂ ਏਨੀ ਵਾਰ ਅਸਫਲ ਹੋਣ ਦੇ ਬਾਅਦ ਕੋਸ਼ਿਸ਼ ਜਾਰੀ ਕਿਉਂ ਰੱਖੀ ਤਾਂ ਐਡੀਸਨ ਦਾ ਜੁਵਾਬ ਸੀ ਕਿ ਮੈਂ ਹਾਰਿਆ ਨਹੀਂ ਸੀ ਮੈਂ ਤਾਂ ਸਗੋਂ 1000 ਅਜਿਹੇ ਤਰੀਕਿਆਂ ਦੀ ਖੋਜ਼ ਕੀਤੀ ਜਿਸਤੋਂ ਬੱਲਬ ਤਿਆਰ ਨਹੀਂ ਹੋ ਸਕਦਾ ਸੀ । ਕਿੰਨੀ ਮਹਾਨ ਗੱਲ ਹੈ ਕਿ ਏਨੀ ਵਾਰ ਅਸਫਲ ਹੋਣ ਦੇ ਬਾਵਜੂਦ ਹਾਰ ਨੂੰ ਮਨਜ਼ੂਰ ਨਹੀਂ ਕੀਤਾ ਅਤੇ ਸਗੋਂ ਹਰ ਵਾਰ ਵੱਖਰਾ ਤਰੀਕਾ ਵਰਤਿਆ ਜਿਸ ਨਾਲ ਸਫ਼ਲਤਾ ਮਿਲ ਸਕੇ ਸੋ ਸਾਨੂੰ ਵੀ ਆਪਣੀ ਜ਼ਿੰਦਗੀ ਵਿੱਚ ਕਦੇ ਹਾਰ ਨਹੀਂ ਮੰਨਣੀ ਚਾਹੀਦੀ ਅਤੇ ਕੋਸ਼ਿਸ਼ ਕਰਨੀ ਕਦੇ ਛੱਡਣੀ ਨਹੀਂ ਚਾਹੀਦੀ ਅਤੇ ਕੋਸ਼ਿਸ਼ ਵੀ ਹਰ ਵਾਰ ਨਵੇਂ ਤਰੀਕੇ ਨਾਲ ਕਰਨੀ ਚਾਹੀਦੀ। ਸੋ ਇਨਸਾਨ ਦਾ ਦ੍ਰਿੜ ਨਿਸ਼ਚਾ ਇਨਸਾਨ ਨੂੰ ਇੱਕ ਦਿਨ ਸਫਲ ਜਰੂਰ ਕਰਦਾ ਹੈ।
✍️ਹਰਵਿੰਦਰ ਕੌਰ ਕਾਹਲੋਂ

## ਤੂੰ ਓਹ ਮਹਿਕ ਜੋ ਹਵਾ ਵਿੱਚ ਮਹਿਸੂਸ ਹੁੰਦੀ ਏ, ਤੂੰ ਓਹ ਰੋਸ਼ਨੀ ਜੋ ਹਨੇਰੀਆਂ ਰਾਤਾਂ ਨੂੰ ਵੀ ਚਮਕਾ ਦਿੰਦੀ ਏ,



ਤੂੰ ਓਹ ਮਹਿਕ ਜੋ ਹਵਾ ਵਿੱਚ ਮਹਿਸੂਸ ਹੁੰਦੀ ਏ,
ਤੂੰ ਓਹ ਰੋਸ਼ਨੀ ਜੋ ਹਨੇਰੀਆਂ ਰਾਤਾਂ ਨੂੰ ਵੀ ਚਮਕਾ ਦਿੰਦੀ ਏ,

ਮੇਰੀ ਹਰ ਲਿਖ਼ਤ ਵਿੱਚ ਤੇਰਾ ਹੀ ਜ਼ਿਕਰ ਹੁੰਦਾ ਏ,
ਜਿਵੇਂ ਕੋਈ ਫ਼ਕੀਰ ਹਰ ਸਾਹ ਨਾਲ ਰੱਬ ਨੂੰ ਧਿਆਉਂਦਾ ਏ,

ਤੂੰ ਬਾਗਾਂ ਵਿੱਚ ਗਾਉਂਦੇ ਮੋਰਾਂ ਦੇ ਗੀਤ ਵਰਗੀ ਏ,
ਜਿੱਦਾਂ ਮੋਰ ਖੁਸ਼ੀ ਵਿੱਚ ਨੱਚ ਨੱਚ ਪੈਲਾਂ ਪਾਉਂਦਾ ਏ,

ਹਰ ਧੜਕਣ ਵਿੱਚ ਤੇਰੇ ਨਾਮ ਦਾ ਰਾਗ ਬੋਲਦਾ,
ਅੱਖਾਂ ਮੇਰੀਆਂ ਚੋ ਨੀਰ ਵਹੇ ਬਸ ਤੂੰ ਹੀ ਤੂੰ ਬੁਲੌਂਦਾ ਏ,

ਰਾਣੂ ਤੂੰ ਦਰਦ, ਤੂੰ ਮੱਲਮ, ਤੂੰ ਹੀ ਖੁਸ਼ੀ ਤੂੰ ਹੀ ਤਨਹਾਈ ਮੇਰੀ,
ਖ਼ੁਦਾ ਦੀ ਇਬਾਦਤ ਵਾਂਗ, ਮੇਰਾ ਦਿਲ ਬਸ ਤੈਨੂੰ ਚਾਉਂਦਾ ਏ...॥

ਗੁਰਜੀਤ ਕੌਰ ਰਾਣੂ

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

# ਐਤਵਾਰ ਕਵਿਤਾ 1986 ਵਿੱਚ ਲਿਖਣੀ ਸ਼ੁਰੂ ਕੀਤੀ ਸੀ।

## 1987 ਵਿੱਚ ਅਕਾਸ਼ਵਾਣੀ ਜਲੰਧਰ ਦੇ ਯੁਵਵਾਣੀ ਪ੍ਰੋਗਰਾਮ ਵਿੱਚ ਭਾਗ ਲੈਣ ਦਾ ਮੌਕਾ ਅਮਰਜੀਤ ਕੌਂਕੇ ਕਰਕੇ ਬਣਿਆ।

ਕਵਿਤਾ 1986 ਵਿੱਚ ਲਿਖਣੀ ਸ਼ੁਰੂ ਕੀਤੀ ਸੀ। 1987 ਵਿੱਚ ਅਕਾਸ਼ਵਾਣੀ ਜਲੰਧਰ ਦੇ ਯੁਵਵਾਣੀ ਪ੍ਰੋਗਰਾਮ ਵਿੱਚ ਭਾਗ ਲੈਣ ਦਾ ਮੌਕਾ ਅਮਰਜੀਤ ਕੌਂਕੇ ਕਰਕੇ ਬਣਿਆ। ਅਮ੍ਰਿਤ ਲਾਲ ਪਾਲ ਯੁਵਵਾਣੀ ਦੇ ਪ੍ਰੋਗਰਾਮ ਇੰਚਾਰਜ ਸਨ। ਪੰਜਾਬ ਦੇ ਹਾਲਾਤ ਬਹੁਤ ਮਾੜੇ ਸਨ। ਗੁਰਭਜਨ ਗਿੱਲ ਹੁਰੀਂ ਐਵੇਂ ਥੋੜਾ ਕਹਿੰਦੇ ਸਨ।
" ਜਦ ਦੇ ਹੋਰ ਜ਼ਮਾਨੇ ਆਏ ਬਦਲੇ ਨੇ ਹਾਲਾਤ ਮੀਆਂ
ਸਾਡੇ ਪਿੰਡ ਤਾਂ ਚਾਰ ਵਜੇ ਹੀ ਪੈ ਜਾਂਦੀ ਹੈ ਰਾਤ ਮੀਆਂ "
ਉਹਨਾਂ ਮਾੜੇ ਦਿਨਾਂ ਵਿੱਚ ਅਕਾਸ਼ਵਾਣੀ ਦੇ ਬਹੁਤ ਹੁਨਰਮੰਦ ਰਿਕਾਰਡਿਸਟ ਚੈਨ ਸਿੰਘ ਹੁਰਾਂ ਨਾਲ ਉਹ ਕਈ ਵਾਰ ਯੁਵਵਾਣੀ ਪ੍ਰੋਗਰਾਮ ਦੀ ਰਿਕਾਰਡਿੰਗ ਲਈ ਫ਼ਿਰੋਜ਼ਪੁਰ ਆਏ। ਅਸਲ ਵਿੱਚ ਪਾਲ ਸਾਹਿਬ ਅਮਰਜੀਤ ਕੌਂਕੇ ਦੇ ਦੋਸਤ ਸਨ। ਨਾਲ਼ੇ ਡਿਊਟੀ ਕਰ ਜਾਂਦੇ, ਨਾਲੇ ਦੋਸਤੀ ਨਿਭਾ ਜਾਂਦੇ।
ਅਮ੍ਰਿਤ ਲਾਲ ਪਾਲ, ਦਵਿੰਦਰ ਮਹਿੰਦਰੂ, ਅਮਰਜੀਤ ਵੜੈਚ, ਦਵਿੰਦਰ ਜੌਹਲ, ਪਰਮਜੀਤ ਸਿੰਘ, ਮੁਹੰਮਦ ਇਮਤਿਆਜ਼ ਅਤੇ ਪ੍ਰਭਜੋਤ ਕੌਰ ਸਮੇਤ ਕਈ ਪ੍ਰੋਗਰਾਮ ਇੰਚਾਰਜਾਂ ਨਾਲ ਕਵੀ ਦਰਬਾਰ ਰਿਕਾਰਡ ਕਰਵਾਏ।
ਵੈਸੇ ਇਹ ਸਭ ਕੁਝ ਕਿਉਂ ਯਾਦ ਆ ਰਿਹਾ ਹੈ?
ਕੱਲ ' ਕਵੀ ਸਭਾ ' ਪ੍ਰੋਗਰਾਮ ਦੀ ਰਿਕਾਰਡਿੰਗ ਲਈ ਮੈਡਮ ਪ੍ਰਭਜੋਤ ਕੌਰ ਦੇ ਸੱਦੇ ਤੇ ਅਕਾਸ਼ਵਾਣੀ ਜਲੰਧਰ ਵਿੱਚ ਸਾਂ। ਗੱਡੀ ਲਾਉਣ ਲਈ ਪਾਰਕਿੰਗ ਵਿੱਚ ਗਿਆ ਤਾਂ ਅੱਗੇ ਅਮਰਜੀਤ ਕੌਂਕੇ ਨਾਲ ਪਟਿਆਲੇ ਵਾਲਾ ਮਿੱਤਰ ਬਲਵਿੰਦਰ ਸਿੰਘ ਭੱਟੀ ਅਤੇ ਪ੍ਰਤਾਪ ਨਗਰ ਲੁਧਿਆਣੇ ਵਾਲਾ ਕਵੀ ਕਹਾਣੀਕਾਰ ਮਿੱਤਰ



ਪਰਮਜੀਤ ਹੁਰੀਂ ਵੀ ਗੱਡੀ ਚੋਂ ਉਤਰ ਰਹੇ ਸਨ। ਉਹਨਾਂ ਪਲਾਂ ਵਿੱਚ ਹੀ ਬੀਤਿਆ ਸਮਾਂ ਜ਼ਿਹਨ ਵਿੱਚ ਫ਼ਿਲਮ ਵਾਂਗ ਚੱਲਣ ਲੱਗਾ ।ਰਿਕਾਰਡਿੰਗ ਤੋਂ ਬਾਅਦ ਕੌਂਕੇ ਨੇ ਪ੍ਰਤੀਮਾਨ ਦਾ ਨਵਾਂ ਅੰਕ ਮੈਨੂੰ ਦਿੱਤਾ ਅਤੇ ਮੈਂ ਇਕਬਾਲ ਕੈਸਰ ਹੁਰਾਂ ਦੀ ਕਿਤਾਬ "ਅੰਗ ਤ੍ਰੇੜਾਂ ਪਈਆਂ "ਉਸਨੂੰ ਭੇਂਟ ਕੀਤੀ

## ਪਰਮਾਤਮਾ ਸਰਲ ਹੈ



ਇੱਕ ਮਹਾਨਗਰੀ ਵਿੱਚ ਇੱਕ ਬਹੁਤ ਅਦਭੁਤ ਨਾਟਕ ਚੱਲ ਰਿਹਾ ਸੀ। ਸ਼ੈਕਸਪੀਅਰ ਦਾ ਨਾਟਕ ਸੀ। ਉਸ ਨਗਰੀ ਵਿੱਚ ਇੱਕ ਹੀ ਚਰਚਾ ਸੀ ਕਿ ਨਾਟਕ ਬਹੁਤ ਅਦਭੁਤ ਹੈ; ਅਭਿਨੇਤਾ ਬਹੁਤ ਮਾਹਰ ਹਨ। ਉਸ ਨਗਰ ਦਾ ਜੋ ਸਭ ਤੋਂ ਵੱਡਾ ਧਰਮ-ਗੁਰੂ ਸੀ, ਉਸ ਦੇ ਵੀ ਮਨ ਵਿੱਚ ਆਇਆ ਕਿ ਮੈਂ ਵੀ ਨਾਟਕ ਦੇਖਾਂ। ਲੇਕਿਨ ਧਰਮ-ਗੁਰੂ ਨਾਟਕ ਦੇਖਣ ਕਿਵੇਂ ਜਾਣ? ਲੋਕ ਕੀ ਕਹਿਣਗੇ? ਤਾਂ ਉਸ ਨੇ ਨਾਟਕ ਦੇ ਮੈਨੇਜਰ ਨੂੰ ਇੱਕ ਪੱਤਰ ਲਿਖਿਆ ਅਤੇ ਕਿਹਾ ਕਿ ਮੈਂ ਵੀ ਨਾਟਕ ਦੇਖਣਾ ਚਾਹੁੰਦਾ ਹਾਂ। ਪ੍ਰਸ਼ੰਸਾ ਸੁਣ-ਸੁਣ ਕੇ ਪਾਗਲ ਹੁੰਦਾ ਜਾ ਰਿਹਾ ਹਾਂ। ਲੇਕਿਨ ਮੈਂ ਕਿਵੇਂ ਆਵਾਂ? ਲੋਕ ਕੀ ਕਹਿਣਗੇ? ਤਾਂ ਮੇਰੀ ਇੱਕ ਪ੍ਰਾਰਥਨਾ ਹੈ, ਤੁਹਾਡੇ ਨਾਟਕ-ਘਰ ਵਿੱਚ ਕੋਈ ਅਜਿਹਾ ਦਰਵਾਜ਼ਾ ਨਹੀਂ ਹੈ, ਜਿੱਥੋਂ ਪਿਛਲੇ ਪਾਸਿਓਂ ਮੈਂ ਆ ਸਕਾਂ ਅਤੇ ਕੋਈ ਮੈਨੂੰ ਦੇਖ ਨਾ ਸਕੇ?
ਉਸ ਮੈਨੇਜਰ ਨੇ ਉੱਤਰ ਲਿਖਿਆ ਕਿ ਤੁਸੀਂ ਖੁਸ਼ੀ ਨਾਲ ਆਓ, ਸਾਡੇ ਨਾਟਕ-ਭਵਨ ਦੇ ਪਿੱਛੇ ਦਰਵਾਜ਼ਾ ਹੈ। ਧਰਮ -ਗੁਰੂਆਂ, ਸੱਜਣਾਂ, ਸਾਧੂਆਂ ਲਈ ਪਿੱਛੇ ਦਾ ਦਰਵਾਜ਼ਾ ਬਣਾਉਣਾ ਪਿਆ ਹੈ, ਕਿਉਂਕਿ ਉਹ ਸਾਹਮਣੇ ਦਰਵਾਜ਼ਿਓਂ ਕਦੀ ਨਹੀਂ ਆਉਂਦੇ। ਦਰਵਾਜ਼ਾ ਹੈ, ਤੁਸੀਂ ਖੁਸ਼ੀ ਨਾਲ ਆਓ, ਕੋਈ ਤੁਹਾਨੂੰ ਨਹੀਂ ਦੇਖ ਸਕੇਗਾ। ਲੇਕਿਨ ਮੇਰੀ ਇੱਕ ਪ੍ਰਾਰਥਨਾ ਹੈ, ਲੋਕ ਤਾਂ ਨਹੀਂ ਦੇਖ ਸਕਣਗੇ ਕਿ ਤੁਸੀਂ ਆਏ ਹੋ, ਲੇਕਿਨ ਇਸ ਗੱਲ ਦੀ ਗਾਰੰਟੀ ਕਰਨਾ ਮੁਸ਼ਕਲ ਹੈ ਕਿ ਪਰਮਾਤਮਾ ਨਾ ਦੇਖ ਲੈਣ।
ਪਿੱਛੇ ਦਾ ਦਰਵਾਜ਼ਾ ਹੈ, ਲੋਕਾਂ ਨੂੰ ਧੋਖਾ ਦਿੱਤਾ ਜਾ ਸਕਦਾ ਹੈ। ਲੇਕਿਨ ਪਰਮਾਤਮਾ ਨੂੰ ਧੋਖਾ ਦੇਣਾ ਅਸੰਭਵ ਹੈ। ਤੇ ਇਹ ਵੀ ਹੋ ਸਕਦਾ ਹੈ ਕਿ ਕੋਈ ਪਰਮਾਤਮਾ ਨੂੰ ਵੀ ਧੋਖਾ ਦੇ ਦੇਵੇ, ਲੇਕਿਨ ਆਪਣੇ-ਆਪ ਨੂੰ ਧੋਖਾ ਦੇਣਾ ਤਾਂ ਬਿਲਕੁਲ ਅਸੰਭਵ ਹੈ। ਲੇਕਿਨ ਅਸੀਂ ਸਾਰੇ ਤੁਹਾਨੂੰ ਧੋਖਾ ਦੇ ਰਹੇ ਹਾਂ। ਤਾਂ ਅਸੀਂ ਔਖੇ ਹੋ ਜਾਵਾਂਗੇ, ਸਰਲ ਨਹੀਂ ਰਹਿ ਸਕਦੇ।
ਖੁਦ ਨੂੰ ਜੋ ਧੋਖਾ ਦੇਵੇਗਾ ਉਹ ਔਖਾ ਹੋ ਜਾਏਗਾ, ਉਲਝ ਜਾਏਗਾ, ਉਲਝਦਾ ਚਲਿਆ ਜਾਏਗਾ। ਹਰ ਉਲਝਾਅ ਉੱਤੇ ਨਵਾਂ ਧੋਖਾ, ਨਵਾਂ ਝੂਠ ਭਾਲੇਗਾ ਤੇ ਉਲਝ ਜਾਏਗਾ। ਇਸ ਤਰ੍ਹਾਂ ਅਸੀਂ ਔਖੇ ਅਤੇ ਗੁੰਝਲਦਾਰ ਹੋ ਗਏ ਹਾਂ। ਅਸੀਂ ਪਿਛਲੇ ਦਰਵਾਜ਼ੇ ਲੱਭ ਲਏ ਹਨ, ਤਾਂਕਿ ਕੋਈ ਸਾਨੂੰ ਦੇਖ ਨਾ ਸਕੇ। ਅਸੀਂ ਝੂਠੇ ਚਿਹਰੇ ਬਣਾ ਰੱਖੇ ਹਨ, ਤਾਂਕਿ ਕੋਈ ਸਾਨੂੰ ਪਛਾਣ ਨਾ ਸਕੇ। ਸਾਡੀ ਨਮਸਕਾਰ ਝੂਠੀ ਹੈ, ਸਾਡਾ ਪ੍ਰੇਮ ਝੂਠਾ ਹੈ, ਸਾਡੀ ਪ੍ਰਾਰਥਨਾ ਝੂਠੀ ਹੈ।
ਦੇਖਿਆ ਹੋਵੇਗਾ, ਇੱਕ ਕਿਸਾਨ ਬੀਜ ਸੁੱਟਦਾ ਹੈ। ਪੱਥਰ ਉੱਪਰ ਬੀਜ ਡਿੱਗ ਜਾਏ ਤਾਂ ਫਿਰ ਉਹ ਨਹੀਂ ਪੁੰਗਰਦਾ। ਕਿਉਂ? ਬੀਜ ਤਾਂ ਉਹੀ ਸੀ। ਤੇ ਸਰਲ ਸਿੱਧੀ ਜ਼ਮੀਨ ਉੱਤੇ ਬੀਜ ਪੈ ਜਾਏ ਤਾਂ ਫੁੱਟ ਪੈਂਦਾ ਹੈ। ਬੀਜ ਉਹੋ ਹੀ ਹੈ! ਲੇਕਿਨ ਪੱਥਰ ਸਖ਼ਤ ਸੀ, ਕਠਿਨ ਸੀ, ਬੀਜ ਅਸਮਰੱਥ ਹੋ ਗਿਆ, ਪੁਗਰ ਨਾ ਸਕਿਆ। ਜ਼ਮੀਨ ਸਰਲ ਸੀ, ਸਿੱਧੀ ਸੀ, ਸਾਫ਼ ਸੀ, ਨਰਮ ਸੀ, ਕਠੋਰ ਨਹੀਂ ਸੀ, ਕੋਮਲ ਸੀ, ਬੀਜ ਉਗਰ ਪਿਆ। ਪੱਥਰ ਉੱਤੇ ਪਏ ਬੀਜ ਵਿੱਚ ਅਤੇ ਜ਼ਮੀਨ ਉੱਤੇ ਡਿੱਗੇ ਬੀਜ ਵਿੱਚ ਕੋਈ ਫਰਕ ਨਹੀਂ ਸੀ।
ਪਰਮਾਤਮਾ ਸਾਰਿਆਂ ਦੇ ਹਿਰਦਿਆਂ ਦੇ ਬੂਹੇ ਖੜਕਾਉਂਦਾ ਹੈ, ਖੋਲ੍ਹ ਦਿਓ ਬੂਹਾ! ਪਰਮਾਤਮਾ ਦਾ ਬੀਜ ਆ ਜਾਣਾ ਚਾਹੀਦਾ ਹੈ ਜ਼ਮੀਨ ਵਿੱਚ ਕਿ ਉਗਰ ਜਾਏ। ਲੇਕਿਨ ਜਿਨ੍ਹਾਂ ਦੇ ਹਿਰਦੇ ਕਠੋਰ ਹਨ, ਉਨ੍ਹਾਂ ਹਿਰਦਿਆਂ ਉੱਤੇ ਪਿਆ ਹੋਇਆ ਬੀਜ ਸੁੱਕ ਜਾਏਗਾ, ਉਗਰੇਗਾ ਨਹੀਂ। ਨਾ ਹੀ ਉਸ ਬੀਜ ਵਿੱਚੋਂ ਨਵੀਆਂ ਪੱਤੀਆਂ ਫੁੱਟਣਗੀਆਂ, ਨਾ ਹੀ ਉਸ ਬੀਜ ਵਿੱਚੋਂ ਸ਼ਾਖਾਵਾਂ ਫੁੱਟਣਗੀਆਂ, ਨਾ ਹੀ ਉਸ ਬੀਜ ਵਿੱਚੋਂ ਫਲ ਲੱਗਣਗੇ, ਨਾ ਹੀ ਉਸ ਬੀਜ ਤੋਂ ਸੁਗੰਧੀ ਫੈਲੇਗੀ। ਲੇਕਿਨ ਜੋ ਸਰਲ ਹੋਣਗੇ, ਉਨ੍ਹਾਂ ਦਾ ਹਿਰਦਾ ਭੂਮੀ ਬਣ ਜਾਏਗਾ ਅਤੇ ਪਰਮਾਤਮਾ ਦਾ ਬੀਜ ਉਗਰੇਗਾ।
ਕੀਮਤ 350
ਘਰ ਬੈਠੇ ਪਾਰਸਲ ਰਾਹੀ ਕਿਤਾਬ ਮੰਗਵਾਉਣ ਲਈ 083070 07508 ਤੇ whats app ਰਾਹੀਂ ਸੁਨੇਹਾ ਭੇਜੋ।

## ਇੱਕ ਅੰਗਰੇਜ਼ ਲੇਖਕ ਨੇ ਇੱਕ ਛੋਟੀ ਜਿਹੀ ਕਿਤਾਬ ਲਿਖੀ ਹੈ। ਉਸ ਕਿਤਾਬ ਵਿੱਚ ਉਸਨੇ ਲਿਖਿਆ ਹੈ ਕਿ ਲੰਡਨ ਵਿੱਚ ਦੁਨੀਆ ਭਰ ਤੋਂ ਯਾਤਰੀ ਆਉਂਦੇ ਹਨ,



ਇੱਕ ਅੰਗਰੇਜ਼ ਲੇਖਕ ਨੇ ਇੱਕ ਛੋਟੀ ਜਿਹੀ ਕਿਤਾਬ ਲਿਖੀ ਹੈ। ਉਸ ਕਿਤਾਬ ਵਿੱਚ ਉਸਨੇ ਲਿਖਿਆ ਹੈ ਕਿ ਲੰਡਨ ਵਿੱਚ ਦੁਨੀਆ ਭਰ ਤੋਂ ਯਾਤਰੀ ਆਉਂਦੇ ਹਨ, ਤਾਂ ਉਹ ਲੰਡਨ ਦਾ ਟਾਵਰ ਦੇਖ ਲੈਂਦੇ ਹਨ; ਪਰ ਲੰਡਨ ਵਿੱਚ ਅਜਿਹੇ ਲੱਖਾਂ ਲੋਕ ਹਨ, ਜਿਨ੍ਹਾਂ ਨੇ ਲੰਡਨ ਦਾ ਟਾਵਰ ਨਹੀਂ ਦੇਖਿਆ ਹੈ। ਨਹੀਂ ਦੇਖਿਆ ਇਸ ਲਈ ਕਿਉਂਕਿ ਸੋਚਦੇ ਹਨ ਦੇਖ ਲਵਾਂਗੇ ਕਦੇ ਵੀ। ਰੋਜ਼ ਉਸੇ ਦੇ ਕੋਲੋਂ ਦਫ਼ਤਰ ਜਾਂਦੇ ਹਾਂ, ਦੇਖ ਲਵਾਂਗੇ ਕਦੇ ਵੀ! ਇੰਨਾ ਨੇੜੇ ਹੈ, ਅਜਿਹਾ ਅਹਿਸਾਸ ਜੋ ਹੈ — ਦੇਖ ਲਵਾਂਗੇ। ਪੇਕਿੰਗ ਤੋਂ ਆਦਮੀ ਆਉਂਦਾ ਹੈ, ਦੇਖ ਲੈਂਦਾ ਹੈ। ਟੋਕੀਓ ਤੋਂ ਆਉਂਦਾ ਹੈ, ਦੇਖ ਲੈਂਦਾ ਹੈ। ਬੰਬਈ ਤੋਂ ਆਉਂਦਾ ਹੈ, ਦੇਖ ਲੈਂਦਾ ਹੈ। ਲੰਡਨ ਦਾ ਵਾਸੀ ਟਾਵਰ ਦੇ ਸਾਹਮਣੇ ਹੀ ਰਹਿੰਦਾ ਹੈ, ਪੱਥਰ ਸੁੱਟੇ ਤਾਂ ਜਾਕੇ ਟਾਵਰ ਨੂੰ ਵੱਜੇ, ਪਰ ਉਹ ਨਹੀਂ ਪਹੁੰਚਦਾ। ਉਹ ਸੋਚਦਾ ਹੈ, ਦੇਖ ਲਵਾਂਗੇ।
ਵੈਟੀਕਨ ਦੇ ਪੋਪ ਨੂੰ ਇੱਕ ਵਾਰ ਕੁਝ ਅਮਰੀਕੀ ਯਾਤਰੀ ਮਿਲਣ ਆਏ। ਵੈਟੀਕਨ ਦੇ ਪੋਪ ਨੇ ਪੁੱਛਿਆ ਕਿ ਫਰਾਂਸ ਵਿੱਚ ਕਿੰਨੇ ਦਿਨ ਰੁਕਣ ਦਾ ਇਰਾਦਾ ਹੈ? ਇੱਕ ਅਮਰੀਕੀ ਨੇ ਕਿਹਾ, ਛੇ ਮਹੀਨੇ। ਪੋਪ ਨੇ ਕਿਹਾ ਕਿ ਤੁਸੀਂ ਥੋੜ੍ਹਾ-ਬਹੁਤ ਫਰਾਂਸ ਜ਼ਰੂਰ ਦੇਖ ਲਵੋਗੇ। ਦੂਜੇ ਨੂੰ ਪੁੱਛਿਆ, ਤੁਸੀਂ ਕਿੰਨੇ ਦਿਨ ਰੁਕੋਗੇ? ਉਸਨੇ ਕਿਹਾ, ਮੈਂ ਤਾਂ ਸਿਰਫ਼ ਤਿੰਨ ਹਫ਼ਤੇ ਰੁਕਾਂਗਾ। ਪੋਪ ਨੇ ਕਿਹਾ, ਤੁਸੀਂ ਕਾਫ਼ੀ ਫਰਾਂਸ ਦੇਖ ਲਵੋਗੇ। ਤੀਜੇ ਨੂੰ ਪੁੱਛਿਆ, ਤੁਸੀਂ ਕਿੰਨੇ ਦਿਨ ਰੁਕੋਗੇ? ਉਸਨੇ ਕਿਹਾ, ਮੈਂ ਤਾਂ ਸਿਰਫ਼ ਇੱਕ ਹਫ਼ਤੇ ਲਈ ਆਇਆ ਹਾਂ। ਤਾਂ ਪੋਪ ਨੇ ਕਿਹਾ ਕਿ ਤੁਸੀਂ ਪੂਰਾ ਫਰਾਂਸ ਦੇਖ ਲਵੋਗੇ।
ਤਿੰਨੇ ਹੈਰਾਨ ਰਹਿ ਗਏ। ਉਨ੍ਹਾਂ ਨੇ ਕਿਹਾ, ਤੁਸੀਂ ਇਹ ਕੀ ਕਹਿ ਰਹੇ ਹੋ! ਮੈਂ ਛੇ ਮਹੀਨੇ ਰੁਕਾਂਗਾ, ਮੈਨੂੰ ਕਹਿੰਦੇ ਹੋ ਕਿ ਥੋੜ੍ਹਾ-ਬਹੁਤ ਦੇਖ ਲਵੋਗੇ। ਤਿੰਨ ਹਫ਼ਤਿਆਂ ਵਾਲੇ ਨੂੰ ਕਹਿੰਦੇ ਹੋ, ਕਾਫ਼ੀ ਦੇਖ ਲਵੋਗੇ। ਇੱਕ ਹਫ਼ਤੇ ਵਾਲੇ ਨੂੰ ਕਹਿੰਦੇ ਹੋ, ਪੂਰਾ ਦੇਖ ਲਵੋਗੇ!
ਵੈਟੀਕਨ ਦੇ ਪੋਪ ਨੇ ਕਿਹਾ ਕਿ ਜ਼ਿੰਦਗੀ ਦਾ ਮੇਰਾ ਅਨੁਭਵ ਇਹੀ ਹੈ ਕਿ ਜਿਸ ਨੂੰ ਲੱਗਦਾ ਹੈ ਕਿ ਉਸ ਕੋਲ ਬਹੁਤ ਸਮਾਂ ਹੈ, ਉਹ ਉਨਾ ਹੀ ਆਰਾਮ ਕਰ ਲੈਂਦਾ ਹੈ। ਜਿਸ ਨੂੰ ਲੱਗਦਾ ਹੈ ਕਿ ਸਮਾਂ ਘੱਟ ਹੈ, ਉਹ ਉਨੀ ਹੀ ਤੇਜ਼ੀ ਨਾਲ ਭੱਜ-ਦੌੜ ਕਰ ਲੈਂਦਾ ਹੈ।
ਜਿਹੜੀ ਚੀਜ਼ ਲੱਗਦੀ ਹੈ ਕਿ ਕਦੇ ਵੀ ਮਿਲ ਜਾਵੇਗੀ, ਉਸ ਨੂੰ ਅਸੀਂ ਕਦੇ ਨਹੀਂ ਪਾਉਂਦੇ। ਅਤੇ ਜਿਹੜੀ ਚੀਜ਼ ਲੱਗਦੀ ਹੈ ਕਿ ਹੁਣ ਆਖਰੀ ਘੜੀ ਆ ਗਈ ਹੈ, ਜੇ ਇੱਥੋਂ ਖੁੰਝ ਗਈ ਤਾਂ ਹਮੇਸ਼ਾ ਲਈ ਖੁੰਝ ਜਾਵੇਗੀ, ਅਸੀਂ ਉਸ ਵੱਲ ਦੌੜ ਪੈਂਦੇ ਹਾਂ।
— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

## ਹਨੀਮੂਨ ਫੇਜ਼ ਖ਼ਤਮ ਹੁੰਦਿਆਂ ਹੀ ਵਿਆਹ ਇੱਕ ਬੋਝ ਜਿਹਾ ਲੱਗਣ ਲਗਦਾ ਹੈ,



ਹਨੀਮੂਨ ਫੇਜ਼ ਖ਼ਤਮ ਹੁੰਦਿਆਂ ਹੀ ਵਿਆਹ ਇੱਕ ਬੋਝ ਜਿਹਾ ਲੱਗਣ ਲਗਦਾ ਹੈ, ਭਾਵੇਂ ਉਹ ਲਵ ਮੈਰਿਜ਼ ਹੋਏ ਜਾਂ ਅਰੇਂਜ ਮੈਰਿਜ਼। ਵਿਆਹ ਨਾ ਨਿਭਣ ਦੇ, ਲਗਾਤਾਰ ਹੁੰਦੇ ਝਗੜੇ ਤੇ ਇੱਕੋ ਬੈਡ ਤੇ ਸੁੱਤੇ ਹੋਏ ਵੀ ਦਿਲਾਂ ਵਿਚਲੀ ਮੀਲਾਂ ਦੀ ਦੂਰੀ। ਇਹਦੇ ਕਈ ਕਾਰਨ ਹਨ।

ਸਭ ਤੋਂ ਜ਼ਰੂਰੀ ਦੋਨੋ ਪਾਸਿਆਂ ਤੋਂ ਆਪਣੇ ਸਾਥੀ ਤੇ ਟੰਗਿਆ ਉਮੀਦਾਂ ਦਾ ਬੋਝ, ਜਿਹੜਾ ਬਹੁਤੀ ਵਾਰ ਲੜਾਈ ਦਾ ਕਾਰਨ ਬਣਿਆ ਹੀ ਰਹਿੰਦਾ ਹੈ।

ਦੂਸਰਾ ਕਾਰਨ ਹੈ ਇੱਕ ਦੂਸਰੇ ਨੇ ਸਿੱਧੀ ਸਾਫ਼ ਤੇ ਬਿਨ੍ਹਾਂ ਦਿਲ ਚ ਕੋਈ ਮਲਾਲ ਰੱਖੇ ਗੱਲਬਾਤ ਨਾ ਕਰਨਾ, ਸਮਝਾਉਣ ਦੀ ਕੋਸ਼ਿਸ਼ ਨਾ ਕਰਨਾ, ਇੱਕ ਸਿੱਧੀ ਸਾਧੀ ਟੋਨ ਵਿੱਚ ਗੱਲ ਕਰਨ ਤੋ ਕਤਰਾਉਣਾ।

#HarjotDiKalam

ਤੀਸਰਾ ਕਾਰਨ ਆਪਣੇ ਅੰਦਰ ਛੁਪੇ ਵਿਆਹ ਤੋਂ ਪਹਿਲੇ ਰਿਸ਼ਤਿਆਂ ਨੂੰ , ਇਨਸਾਨਾਂ ਨੂੰ ਉਹਨਾਂ ਤੋਂ ਮਿਲੇ ਧੋਖਿਆਂ ਨੂੰ, ਪਿਆਰ ਨੂੰ ਬਾਹਰ ਕੱਢ ਕੇ ਇਹ ਸਵੀਕਾਰ ਨਾ ਕਰ ਪਾਉਣਾ ਕਿ ਸਾਰੇ ਇਨਸਾਨ ਇੱਕੋ ਜਿਹੇ ਨਹੀਂ ਹੁੰਦੇ।

ਇਹ ਅੱਜ ਦੇ ਵੇਲ਼ੇ ਮੁੱਖ ਕਾਰਨ ਹਨ ਜਿਹਨਾਂ ਕਰਕੇ ਵਿਆਹ ਨਹੀਂ ਨਿਭਦੇ ਤੇ ਇਹਦੇ ਚ ਵੀ ਜਿਹੜਾ ਵਧੇਰੇ ਜਜ਼ਬਾਤੀ ਬੰਦਾ ਹੁੰਦਾ ਹੈ ਵੱਧ ਭੁਗਤਦਾ ਹੈ।

ਇਸ ਰੌਲੇ ਘਚੋਲੇ ਚ ਜੇਕਰ ਬੱਚੇ ਹੋ ਜਾਣ ਤਾਂ ਫਿਰ ਉਹ ਉਮਰ ਭਰ ਭੁਗਤਦੇ ਹਨ।

ਕੁੜੀ ਤੇ ਮੁੰਡੇ ਦੇ ਪਰਿਵਾਰਾਂ ਦਾ ਦੋਸ਼ ਵੀ ਹੁੰਦਾ ਹੈ ਇਸ ਸਭ ਚ ਪਰ ਜੇਕਰ ਮੁੰਡੇ ਕੁੜੀ ਨੇ ਆਪਣਾ ਰਿਸ਼ਤਾ ਸਹੀ ਰੱਖਣਾ ਹੋਏ ਤਾਂ ਇਹ ਚੀਜ਼ਾਂ ਸੌਖਿਆ ਭਾਰ ਕਰ ਸਕਦੇ ਹਨ।

ਆਖ਼ਿਰੀ ਗੱਲ ਜਿਹੜੀ ਗੱਲ ਮੈਂ ਬਹੁਤ ਵਾਰ ਕਹੀ ਹੈ ਕਿ ਪ੍ਰੇਮੀ ਤੇ ਪਤੀ ਤੇ ਪ੍ਰੇਮਿਕਾ ਤੇ ਪਤਨੀ ਵਿਚਲਾ ਜਿਹੜਾ ਫ਼ਰਕ ਰਹਿ ਜਾਂਦਾ ਹੈ ਉਹਨੂੰ ਸਿਰਫ ਵਿਰਲੇ ਇਨਸਾਨ ਹੀ ਮਿਟਾ ਸਕਦੇ ਹਨ। ਇਸ ਪਤੀ ਤੋਂ ਪ੍ਰੇਮੀ ਬਣ ਜਾਣ ਬਾਰੇ ਸੋਚਣਾ ਤੇ ਪਤਨੀ ਵਿੱਚੋ ਪ੍ਰੇਮਿਕਾ ਨਾ ਲੱਭ ਸਕਣ ਦੀ ਮੁਸ਼ਕਲ ਹਮੇਸ਼ਾਂ ਹੀ ਵਿਆਹ ਦੇ ਰਿਸ਼ਤੇ ਨੂੰ ਕਸੌਲਾ ਬਣਾਈ ਰੱਖਦੀ ਹੈ।

ਬਾਬਾ : ਹਰਜੋਤ ਸਿੰਘ
70094 52602

## ਸੰਪੂਰਨ ਕੋਈ ਨਹੀਂ ਹੁੰਦਾ।ਹਰ ਮਨੁੱਖ ਵਿੱਚ ਕੁਝ ਨਾ ਕੁਝ ਕਮੀ ਹੁੰਦੀ ਹੈ।ਲੋਕਾਂ ਵਿੱਚ ਸੰਪੂਰਨਤਾ ਦੀ ਤਲਾਸ਼ ਨਾ ਕਰੋ ।



ਸੰਪੂਰਨ ਕੋਈ ਨਹੀਂ ਹੁੰਦਾ।ਹਰ ਮਨੁੱਖ ਵਿੱਚ ਕੁਝ ਨਾ ਕੁਝ ਕਮੀ ਹੁੰਦੀ ਹੈ।ਲੋਕਾਂ ਵਿੱਚ ਸੰਪੂਰਨਤਾ ਦੀ ਤਲਾਸ਼ ਨਾ ਕਰੋ ।ਹੱਥ ਉਸ ਨਹੀਂ ਲੱਗਣਾ।ਸਿਰਫ ਦੋ ਤਰ੍ਹਾਂ ਦੇ ਲੋਕ ਸੰਪੂਰਨ ਹੁੰਦੇ ਹਨ ਜਾਂ ਤਾਂ ਅਣਜੰਮੇ ਜਾਂ ਫਿਰ ਮਰੇ ਹੋਏ।ਕਈ ਵਾਰ ਕਿਸੇ ਅਣਜਾਣ ਆਦਮੀ ਦੇ ਭੋਗ ਤੇ ਜਾਉ ਤਾਂ ਇੰਜ ਜਾਪਦਾ ਹੈ ਮੈਂ ਇਸ ਨੂੰ ਜਿਉਂਦੇ ਜੀ ਕਿਉਂ ਨਹੀਂ ਮਿਲਿਆ।ਉਸ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ ਜਾ ਰਹੇ ਹੁੰਦੇ ਹਨ ।ਪਰ ਸਭ ਦਿਖਾਵੇ ਲਈ ਹੁੰਦਾ ਹੈ।ਅਸਲ ਵਿੱਚ ਕੋਈ ਵੀ ਮਨੁੱਖ ਸੰਪੂਰਨ ਨਹੀਂ ਹੁੰਦਾ।

ਹਰ ਮਨੁੱਖ ਵਿੱਚ ਕਮੀਆਂ ਹੁੰਦੀਆਂ ਹਨ। ਮਨੁੱਖ ਕਦੀ ਵੀ ਸਾਰਿਆਂ ਨੂੰ ਖੁਸ਼ ਕਰ ਸਕਦਾ।ਜਿਊਂਦਾ ਮਨੁੱਖ ਅਨੇਕਾਂ ਪ੍ਰਕਾਰ ਦੀਆਂ ਵਿਅਕਤੀਗਤ ਸਮੱਸਿਆਵਾਂ ਨਾਲ ਜੂਝਦਾ ਹੈ। ਉਹ ਹਮੇਸ਼ਾਂ ਖ਼ੁਸ਼ ਨਹੀਂ ਹੁੰਦਾ ਕਿ ਦੂਜਿਆਂ ਨੂੰ ਖ਼ੁਸ਼ ਰੱਖ ਸਕੇ।ਉਸ ਦੀਆਂ ਪ੍ਰੇਸ਼ਾਨੀਆਂ ਉਸਦੇ ਵਿਵਹਾਰ ਵਿਚ ਬਦਲਾਅ ਲਿਆਉਂਦੀਆਂ ਹਨ।ਗੁੱਸੇ ਤੇ ਉਤੇਜਨਾ ਦੇ ਕਾਰਨ ਕਈ ਵਾਰ ਉਹ ਜ਼ਿਆਦਤੀਆਂ ਕਰ ਬੈਠਦਾ ਹੈ।

ਉਸ ਤੋਂ ਉਮੀਦ ਰੱਖਣ ਵਾਲੇ ਅਨੇਕਾਂ ਲੋਕ ਹੁੰਦੇ ਹਨ।ਪੰਜਾਬੀ ਰਿਸ਼ਤਿਆਂ ਵਿੱਚ ਬੱਝਿਆ ਉਹ ਕਈ ਵਾਰ ਗਲਤੀਆਂ ਕਰ ਬੈਠਦਾ ਹੈ। ਉਸਦੀਆਂ ਕਈ ਕਮਜ਼ੋਰੀਆਂ ਵੀ ਹੁੰਦੀਆਂ ਹਨ।ਇਸ ਗੱਲ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਅਸੀਂ ਆਪਣੀ ਜ਼ਿੰਦਗੀ ਵਿੱਚ ਹਰ ਮਨੁੱਖ ਤੋਂ ਬਹੁਤ ਸਾਰੀਆਂ ਉਮੀਦਾਂ ਲਗਾ ਲੈਂਦੇ ਹਾਂ।ਅਸੀਂ ਚਾਹੁੰਦੇ ਹਾਂ ਕਿ ਉਹ ਸਾਡੀ ਹਰ ਗੱਲ ਮੰਨੇ। ਸਾਡੇ ਮੁਤਾਬਕ ਚੱਲੇ ।ਅਸਲ ਵਿੱਚ ਸਾਰੀਆਂ ਮੁਸੀਬਤਾਂ ਦੀ ਜੜ੍ਹ ਹੀ ਇਹ ਹੈ ਅਸੀਂ ਦੂਜਿਆਂ ਨੂੰ ਆਪਣੇ ਮੁਤਾਬਕ ਚਲਾਉਣਾ ਚਾਹੁੰਦੇ ਹਾਂ ਜਦਕਿ ਅਜਿਹਾ ਸੰਭਵ ਨਹੀਂ।ਕਦੀ ਆਪਣੇ ਆਪ ਨੂੰ ਸਵਾਲ ਕਰਕੇ ਦੇਖੋ ਕੀ ਤੁਸੀਂ ਦੂਜਿਆਂ ਮੁਤਾਬਕ ਚੱਲਦੇ ਹੋ? ਇਸ ਦਾ ਜਵਾਬ ਨਹੀਂ ਮਿਲੇਗਾ ।ਫਿਰ ਕਿਸੇ ਦੂਜੇ ਤੋਂ ਉਮੀਦ ਕਿਉਂ?ਤੁਸੀਂ ਹਰ ਵੇਲੇ ਆਪਣੀ ਜ਼ਿੰਦਗੀ ਦੇ ਆਧਾਰ ਰਿਸ਼ਤਿਆਂ ਲਈ ਹਰ ਸਮੇਂ ਤੱਕੜੀ ਲੈ ਕੇ ਬੈਠੇ ਰਹਿੰਦੇ ਹਾਂ।

ਮਨੁੱਖ ਗਲਤੀਆਂ ਦਾ ਪੁਤਲਾ ਹੈ।ਸਾਨੂੰ ਉਸ ਦੇ ਗੁਣਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਨਾ ਕਿ ਉਸ ਦੇ ਦੋਸ਼ਾਂ ਵੱਲ।ਅਸੀਂ ਆਪਣੇ ਨੂੰ ਤਾਂ ਖ਼ੂਨ ਮੁਆਫ਼ ਕਰ ਦਿੰਦੇ ਹਾਂ ਇੱਕ ਦੂਜੇ ਨੂੰ ਝੱਟ ਤੱਕੜੀ ਵਿੱਚ ਪਾ ਲੈਂਦੇ ਹਾਂ।ਸਾਡਾ ਇਹ ਦੂਜਿਆਂ ਲਈ ਦੁੱਖ ਦਾ ਕਾਰਨ ਬਣਦਾ ਹੈ।

ਇਸ ਗੱਲ ਨੂੰ ਸਮਝ ਲਓ ਕਿ ਕੋਈ ਵਿਅਕਤੀ ਸੰਪੂਰਨ ਨਹੀਂ ਹੁੰਦਾ।ਉਸ ਦਾ ਪਿਆਰ ਉਸ ਦੇ ਘਰੇਲੂ ਤੇ ਸਮਾਜਿਕ ਪਰਿਵੇਸ਼ ਵਿੱਚੋਂ ਉੱਘੜਦਾ ਹੈ।ਸੋਲਾਂ ਕਲਾ ਸੰਪੂਰਨ ਮਨੁੱਖ ਨਹੀਂ ਹੁੰਦੇ।ਉਹ ਤਾਂ ਫਿਰ ਦੇਵਤੇ ਬਣ ਜਾਂਦੇ ਹਨ।

ਇਸ ਦਿਲ ਪਿਆਰ ਤੇ ਸਤਿਕਾਰ ਨਾਲ ਜੀਓ। ਕੁਝ ਗ਼ਲਤੀਆਂ ਨੂੰ ਨਜ਼ਰਅੰਦਾਜ਼ ਕਰਨਾ ਸਿੱਖੋ।ਮੁਆਫ਼ ਕਰ ਦੇਣਾ ਸਿੱਖੋ।ਕੱਲ੍ਹ ਨੂੰ ਉੱਥੇ ਹੀ ਛੱਡ ਕੇ ਅੱਗੇ ਵਧ ਚੱਲਣਾ ਸਿੱਖੋ।ਯਕੀਨ ਜਾਣੋ ਜ਼ਿੰਦਗੀ ਬਹੁਤ ਸੌਖੀ ਹੋ ਜਾਏਗੀ।ਮਨੁੱਖ ਵਿੱਚ ਸੰਪੂਰਨਤਾ ਦੀ ਤਲਾਸ਼ ਨਾ ਕਰੋ ਉਸ ਦੇ ਅਧੂਰੇਪਣ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋ।

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਠੋਕਰ...**

ਗਲਤੀ ਕੀਤੀ। ਠੋਕਰ ਲੱਗੀ। ਚਿੰਤਨ ਚੱਲਿਆ। ਗਲਤੀ ਦਾ ਅਹਿਸਾਸ ਕੀਤਾ ਅਤੇ ਦਰੁੱਸਤੀ ਹੋਈ। ਅਗਾਊਂ ਗਲਤੀ ਨਾ ਕਰਨ ਦਾ ਖੁੱਦ ਨਾਲ ਕਰੋ ਵਾਅਦਾ। ਅੱਗੇ ਚੱਲੋ, ਮੁੜ ਨਾ ਦੁਹਰਾਓ। ਸੋਨੇ 'ਤੇ ਸੁਹਾਗਾ ਹੁੰਦਾ ਜਾਵੇਗਾ॥ ਠੋਕਰ ਖਾਈ। ਤਜ਼ਰਬਾ ਆਇਆ ਤਾਂ ਸੌਦਾ ਮਹਿੰਗਾ ਨਾ ਸਮਝੋ। ਭਵਿੱਖ 'ਚ ਆਤਮ ਵਿਸ਼ਵਾਸ਼ ਬਣਿਆ ਰਹੇਗਾ॥ ਮਨ ਨੂੰ ਲਗਾਤਾਰ ਠੋਕਰਦੇ ਰਹੋ। ਕਦੀ ਤਾਂ ਲਾਈਨ 'ਤੇ ਆ ਹੀ ਜਾਵੇਗਾ।ਢੇਰੀ ਢਾਅ ਕੇ ਬੈਠਣਾ ਤਾਂ ਕਾਇਰਤਾ ਹੁੰਦੀ ਹੈ॥

**ਠਰੰਮਾਂ...**

ਠਰੰਮਾਂ ਰੱਖ ਜ਼ਿੰਦਗੀ ਚਲਾ ਕੇ ਤਾਂ ਦੇਖੋ। ਆਨੰਦ ਦੀਆਂ ਲਹਿਰਾਂ ਬਹਿਰਾਂ ਬਣੀਆਂ ਰਹਿਣਗੀਆਂ॥ ਭੜਕ ਕੇ ਗੱਲ ਕਰਨਾ ਸੂਝਵਾਨ ਦੇ ਹਿੱਸੇ ਨਹੀਂ ਆਉਂਦਾ। ਠਰੰਮਾਂ ਤੇ ਤਰਕ ਨੂੰ ਜਰੂ੍ਰਰਤ ਵੇਲੇ ਉਹ ਵਰਤਣਾ ਜਾਣਦੈ। ਜਿੱਤਦਾ ਵੀ ਹੈ ਅਤੇ ਬੁਖਲਾਹਟ 'ਚ ਵੀ ਕਦੀ ਨਹੀਂ ਆਉਂਦਾ॥ ਠਰੰਮੇ ਤੋਂ ਕੰਮ ਲੈਂਦੇ ਰਹੇ ਤਾਂ ਜ਼ਿੰਦਗੀ ਦਾ ਅਉਰਾ ਹਰ ਪਾਸੇ ਮਹਿਕਾਂ ਖਿਲਾਰਦਾ ਰਹੇਗਾ॥

**ਦੁਆਰ...**

ਸ਼ੁਕਰਾਨੇ ਲਈ ਰੱਬ ਦੇ ਦੁਆਰ ਜਾਓ ਭਾਵੇਂ ਲੱਖ ਵਾਰੀ ਪਰ ਮੰਗਣ ਜਾਓਗੇ ਤਾਂ ਸਮਝੋ ਆਪਣੇ ਰੱਬ 'ਤੇ ਭਰੋਸਾ ਹੀ ਨਹੀਂ। ਕੀ ਰੱਬ ਜੀ ਸਭ ਜਾਨੀ ਜਾਨਣ ਨਹੀਂ ?? ਚਿੰਤਨ ਦੇ ਦੁਆਰ ਸਦਾ ਖੁੱਲੇ ਰੱਖੋ। ਨਵੇਂ ਨਕੋਰ ਵਿਚਾਰਾਂ ਨੇ ਹੀ ਸੁਚੱਜੀ ਵਿਚਾਰਧਾਰਾ ਉਸਾਰਨੀ ਹੈ॥ ਮਿਹਨਤ ਦਾ ਦੁਆਰ ਖੜਕਾਉਂਦੇ ਰਹੋ। ਚੇਤੇ ਰੱਖੋ ਸਵੈ ਭਰੋਸਾ ਅਤੇ ਸਖ਼ਤ ਚਾਰਾਜੋਈ ਨੇ ਹੀ ਸਫਲਤਾ ਦੇ ਦੁਆਰ ਖੋਲਣੇ ਨੇ। ਸ਼ਾਰਟ ਕੱਟ 'ਚ ਉਲਝੋਂਗੇ ਤਾਂ ਨਿਰਾਸਤਾ ਦੇ ਪਾਲ਼ੇ 'ਚ ਜਾ ਡਿਗੋਂਗੇ॥

**ਜਾਦੂ...**

ਜ਼ਿੰਦਗੀ ਕੋਈ ਜਾਦੂ ਦੀ ਛੜੀ ਨਹੀਂ। ਟੀਚੇ ਮਿੱਥਦਿਆਂ ਰਲ ਮਿਲ ਮਿਹਨਤ ਨਾਲ ਹੀ ਅੱਗੇ ਵੱਧਦੇ ਰਹਿਣਾ ਜੀਵਨਧਾਰਾ ਹੈ॥ ਜਾਦੂ ਦੇ ਟ੍ਰਿਕ ਥੋੜੇ ਚਿਰ ਲਈ ਭਰਮਾ ਤਾਂ ਸਕਦੇ ਨੇ ਪਰ ਯਥਾਰਥ ਤਾਂ ਜਾਦੂ ਦੇ ਟ੍ਰਿਕਾ ਪਿੱਛਲੀ ਕਹਾਣੀ ਨੂੰ ਸਮਝਣ ਨਾਲ ਹੀ ਪਤਾ ਲਗਦੀ ਹੈ॥ ਚਿੰਤਨ ਭਰਪੂਰ ਮਿਹਨਤ ਦਾ ਪੱਲਾ ਫ਼ੜੀ ਰੱਖੋ। ਜ਼ਿੰਦਗੀ ਦੇ ਜਾਦੂਗਰ ਬਣ ਜਾਵੋਂਗੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

## ਯੂਰਿਕ ਐਸਿਡ ਵਧਣ (ਹਾਈਪਰਯੂਰੀਸੀਮੀਆ) ਬਾਰੇ ਡਾ ਅਜੀਤਪਾਲ ਸਿੰਘ ਐਮ ਡੀ



ਕਾਰਨ:

· ਪਿਊਰੀਨ ਨਾਂ ਦੇ ਪਦਾਰਥ ਵਾਲੀ ਖੁਰਾਕ (ਲਾਲ ਮੀਟ, ਸਮੁੰਦਰੀ ਭੋਜਨ, ਦਾਲਾਂ)

· ਜ਼ਿਆਦਾ ਸ਼ਰਾਬ ਪੀਣਾ, ਖਾਸ ਕਰਕੇ ਬੀਅਰ

· ਫਰੂਕਟੋਜ਼ ਵਾਲੇ ਮਿੱਠੇ ਪਦਾਰਥ ਅਤੇ ਸਾਫਟ ਡਰਿੰਕ

· ਗੁਰਦਿਆਂ ਦੀ ਖ਼ਰਾਬੀ (ਯੂਰਿਕ ਐਸਿਡ ਬਾਹਰ ਨਾ ਕੱਢ ਸਕਣਾ)

· ਮੋਟਾਪਾ, ਹਾਈ ਬੀਪੀ, ਸ਼ੂਗਰ

· ਕੁਝ ਦਵਾਈਆਂ (ਪਾਣੀ ਵਾਲੀਆਂ ਗੋਲੀਆਂ, ਐਸਪਰੀਨ)

ਲੱਛਣ:

· ਗਾਊਟ (ਗੋਡੇ/ਪੈਰ ਦੇ ਅੰਗੂਠੇ ਵਿੱਚ) : ਅਚਾਨਕ ਤੇਜ਼ ਦਰਦ, ਸੁੱਜਣਾ, ਲਾਲੀ, ਛੂਹਣ 'ਤੇ ਵੀ ਬਹੁਤ ਦਰਦ

· ਜੋੜਾਂ ਵਿੱਚ ਅਕੜਾਅ, ਗਤੀ ਘਟਣਾ

· ਗੁਰਦੇ ਦੀ ਪੱਥਰੀ: ਪਿੱਠ/ਪਾਸੇ ਵਿੱਚ ਤੇਜ਼ ਦਰਦ, ਪਿਸ਼ਾਬ ਵਿੱਚ ਖ਼ੂਨ

· ਕਈ ਵਾਰ ਕੋਈ ਲੱਛਣ ਨਹੀਂ ਹੁੰਦੇ (ਸਿਰਫ ਖ਼ੂਨ ਦੀ ਜਾਂਚ ਵਿੱਚ ਪਤਾ ਲੱਗਦਾ ਹੈ)

ਪੇਚੀਦਗੀਆਂ:

· ਵਾਰ-ਵਾਰ ਗਾਊਟ ਦੇ ਦੌਰੇ ਪੈਣਾ, ਜੋੜਾਂ ਦੀ ਵਿਗੜੀ ਸ਼ਕਲ

· ਗੁਰਦੇ ਦੀ ਪੱਥਰੀ ਅਤੇ ਗੁਰਦਿਆਂ ਨੂੰ ਨੁਕਸਾਨ

· ਟੌਫੀ (ਚਮੜੀ ਹੇਠ ਯੂਰਿਕ ਐਸਿਡ ਦੇ ਗੱਠ)

· ਮੈਟਾਬੋਲਿਕ ਸਿੰਡਰੋਮ, ਦਿਲ ਦੀਆਂ ਬੀਮਾਰੀਆਂ ਦਾ ਖ਼ਤਰਾ

ਇਲਾਜ:

· ਤੀਬਰ ਦੌਰੇ ਲਈ: NSAID (ਜਿਵੇਂ ਨੈਪਰੋਕਸਨ), ਕੋਲਚੀਸੀਨ, ਕਦੇ ਕਦੇ ਸਟੀਰਾਇਡ

· ਲੰਬੇ ਸਮੇਂ ਲਈ (ਬਚਾਅ ਲਈ) :

· ਅਲੋਪਿਊਰੀਨੋਲ ਜਾਂ ਫਿਬਕਸੋਸਟੈਟ (ਯੂਰਿਕ ਐਸਿਡ ਘਟਾਉਂਦੀਆਂ)

· ਪ੍ਰੋਬੇਨੇਸਿਡ (ਗੁਰਦਿਆਂ ਰਾਹੀਂ ਬਾਹਰ ਕੱਢਣ ਲਈ)

· ਡਾਕਟਰ ਦੀ ਸਲਾਹ ਤੋਂ ਬਿਨਾਂ ਆਪਣੇ ਆਪ ਦਵਾਈ ਨਾ ਲੈਣੀ

ਬਚਾਓ ਅਤੇ ਸਾਵਧਾਨੀਆਂ:

· ਪਾਣੀ ਖੂਬ ਪੀਓ (ਦਿਨ 'ਚ 3-4 ਲੀਟਰ)

· ਪਿਊਰੀਨ ਵਾਲੀਆਂ ਚੀਜ਼ਾਂ ਘੱਟ ਕਰੋ: ਮੀਟ, ਸਮੁੰਦਰੀ ਭੋਜਨ, ਆਰਗਨ ਮੀਟ (ਕਲੇਜੀ), ਦਾਲਾਂ, ਮਸ਼ਰੂਮ

· ਸ਼ਰਾਬ, ਖਾਸ ਕਰਕੇ ਬੀਅਰ ਤੋਂ ਪਰਹੇਜ਼

· ਮਿੱਠੇ ਡਰਿੰਕ, ਫਰੂਕਟੋਜ਼ ਕਾਰਨੀ ਸੀਰਪ ਵਾਲੇ ਪਦਾਰਥ ਨਾ ਲੈਣ

· ਚੈਰੀ, ਲਸਣ, ਨਿੰਬੂ, ਫਾਈਬਰ ਵਾਲੀਆਂ ਚੀਜ਼ਾਂ (ਸਬਜ਼ੀਆਂ) ਲਾਭਦਾਇਕ

· ਵਜ਼ਨ ਕੰਟਰੋਲ ਕਰੋ, ਪਰ ਬਹੁਤ ਤੇਜ਼ ਭੁੱਖਮ ਮੱਚੀ ਨਾਲ ਯੂਰਿਕ ਐਸਿਡ ਵਧ ਸਕਦਾ ਹੈ

· ਜੇਕਰ ਤੁਹਾਨੂੰ ਪਹਿਲਾਂ ਗਾਊਟ ਹੋ ਚੁੱਕਿਆ ਹੈ, ਤਾਂ ਨਿਯਮਤ ਦਵਾਈ ਅਤੇ ਖ਼ੂਨ ਦੀ ਜਾਂਚ ਕਰਵਾਉਂਦੇ ਰਹੋ ਕੋਈ ਵੀ ਇਲਾਜ ਜਾਂ ਦਵਾਈ ਡਾਕਟਰ ਦੀ ਸਲਾਹ ਤੋਂ ਬਿਨਾਂ ਨਾ ਵਰਤੋਂ।

## ਪਸ਼ਮ ਦੀ ਰੱਖੜੀ!



ਭੈਣ ਦਾ ਪੇਕਿਆਂ ਦਾ ਨਾਂ ਨਿਰਮਲਾ ਸੀ ਤੇ ਛੋਟਾ ਨਾਂ ਸੀ ਨਿਮੋਂ। ਸਾਡੇ ਵੱਡੇ ਵਡੇਰਿਆਂ, ਬਾਬਿਆਂ ਦਾਦਿਆਂ ਤੇ ਤਾਇਆ ਚਾਚਿਆਂ ਨੇ ਬੜਾ ਸੋਚ ਵਿਚਾਰ ਕੇ ਉਸਦਾ ਨਾਂ ਨਿਰਮਲਾ ਰੱਖਿਆ ਹੋਵੇਗਾ। ਜਦੋਂ ਉਹ ਅਜੇ ਮੰਜੇ ਦੀ ਹੀਂ ਨਾਲ ਕੱਪੜਾ ਬੰਨ੍ਹ ਕੇ ਬਣਾਏ ਗਏ ਪੰਘੂੜੇ, ਜਿਸ ਨੂੰ ਉਦੋਂ ਝੱਲੀ ਆਖਿਆ ਕਰਦੇ ਸਨ ਵਿੱਚ ਝੂਟੇ ਲੈਂਦੀ ਹੋਵੇਗੀ ਤਾਂ ਜ਼ਰੂਰ ਹੀ ਉਸਦੇ ਮਸੂਮ ਚਿਹਰੇ 'ਤੋਂ ਨਿਰਮਲਤਾ ਝਲਕਦੀ ਹੋਵੇਗੀ।

ਭੈਣ ਨੇ ਸਾਰੀ ਉਮਰ ਆਪਣੇ ਇਸ ਨਿਰਮਲ ਨਾਂ ਦੀ ਲਾਜ ਰੱਖੀ। ਉਸਨੇ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਕਿਸੇ ਨਾਲ ਵਲ ਫ਼ਰੇਬ ਨਹੀਂ ਕੀਤਾ ਤੇ ਨਾ ਕਿਸੇ ਨੂੰ ਧੋਖੇ ਵਿੱਚ ਰੱਖਿਆ। ਉਹ ਸੱਚੀ ਗੱਲ ਅਗਲੇ ਦੇ ਮੂੰਹ 'ਤੇ ਆਖ ਦਿਆ ਕਰਦੀ ਸੀ ਭਾਵੇਂ ਅਗਲੇ ਨੂੰ ਕਿੰਨਾਂ ਵੀ ਗੁੱਸਾ ਲੱਗੇ । ਹੋ ਸਕਦਾ ਹੈ ਕਿ ਉਸ ਨਾਲ ਕਈ ਰਿਸ਼ਤੇ ਇਸ ਗੱਲੋਂ ਵਕਤੀ ਤੌਰ 'ਤੇ ਨਰਾਜ਼ ਵੀ ਹੋਏ ਹੋਣ ਪਰ ਜਦੋਂ ਉਨ੍ਹਾਂ ਨੂੰ ਉਸਦੀ ਕਹੀ ਹੋਈ ਗੱਲ ਦਾ ਥਹੁ ਸਮਝ ਆਉਂਦਾ ਸੀ ਤਾਂ ਫੇਰ ਆਪੇ ਮਨ ਜਾਇਆ ਕਰਦੇ ਸਨ।

ਨਿਰਮਲਾ ਭੈਣ ਕੋਈ ਬਹੁਤੀ ਪੜ੍ਹੀ ਲਿਖੀ ਵੀ ਨਹੀਂ ਸੀ ਪਰ ਪਤਾ ਨਹੀਂ ਉਹਦੇ ਵਿੱਚ ਐਨੀਂ ਜ਼ਿਆਦਾ ਦਾਨਿਸ਼ਮੰਦੀ, ਸੋਹਜ ਸਮਝ ਤੇ ਸਲੀਕੇਦਾਰੀ ਕਿੱਥੋਂ ਆਈ ਸੀ। ਦੁਨਿਆਵੀ ਰਸਮਾਂ ਰਿਵਾਜਾਂ ਦੀ ਸਮਝ ਜਿੰਨੀਂ ਉਸਨੂੰ ਸੀ, ਮੈਂ ਅੱਜ ਤੱਕ ਕਦੇ ਕਿਸੇ ਔਰਤ ਵਿੱਚ ਨਹੀਂ ਵੇਖੀ ।

ਸਾਡੇ ਘਰ ਭਾਂਵੇ ਸ਼ਰਾਧ ਕਰਨੇ ਹੁੰਦੇ ਤੇ ਭਾਵੇਂ ਨਰਾਤੇ ਰੱਖਣੇ ਹੁੰਦੇ ਮੇਰੀ ਬੀਬੀ ਨੇ ਆਖਣਾ 'ਜਾਹ ਆਪਣੀ ਭੈਣ ਨਿਮੋਂ ਨੂੰ ਲੈ ਆ ਜਾਂ ਉਸਨੂੰ ਸੁਨੇਹਾ ਦੇ ਆਵੀਂ ਕਿ ਘਰ ਨੂੰ ਆਵੇ।' ,,,ਤੇ ਭੈਣ ਆਪਣੇ ਘਰ ਦੇ ਕੰਮਾਂਕਾਰਾਂ ਤੋਂ ਫ਼ਾਰਗ ਹੋ ਕੇ ਆ ਜਾਂਦੀ। ਕਈ ਵਾਰ ਬੀਬੀ ਤੇ ਉਹ ਕਿੰਨਾਂ ਕਿਨਾਂ ਚਿਰ ਇਸ ਨਿੱਕੀ ਜਿਹੀ ਗੱਲ 'ਤੇ ਸਲਾਹ ਕਰਦੀਆਂ ਰਹਿੰਦੀਆਂ ਕਿ ਸ਼ਰਾਧ ਕਿੰਨਵਾਂ ਕਰਨਾ ਹੈ ਜਾਂ ਨਰਾਤੇ ਕਿੰਨੇਂ ਰੱਖਣੇ ਹਨ ਅਤੇ ਜੋਤ ਕਦੋਂ ਜਗਾਉਣੀ ਹੈ।

ਬੱਚਿਆਂ ਦੇ ਸਾਰਥਾਂ ਸਮੇਂ ਵੀ ਭੈਣ ਨਿਮੋਂ ਨੇ ਸਾਰੇ ਕਾਰਜਾਂ ਨੂੰ ਅੱਗੇ ਲੱਗ ਕੇ ਆਪਣੀ ਸੂਝ ਬੂਝ ਨਾਲ ਸਾਰੀਆਂ ਰਸਮਾਂ ਨੂੰ ਸਿਰੇ ਚਾੜ੍ਹਿਆ।

ਰੱਖੜੀ ਤੋਂ ਇੱਕ ਦਿਨ ਪਹਿਲਾਂ ਹੀ ਭੈਣ ਦਾ ਸੁਨੇਹਾ ਆ ਜਾਂਦਾ ਕਿ 'ਰੱਖੜੀ ਬੰਨ੍ਹਣ ਦਾ ਮਹੂਰਤ ਇਸ ਵਕਤ ਦਾ ਹੈ, ਜਾਂ ਤੂੰ ਆ ਜਾਵੀਂ ਤੇ ਜਾਂ ਮੈਂ ਆ ਕੇ ਰੱਖੜੀ ਬੰਨ੍ਹ ਜਾਵਾਂਗੀ।' ਉਹ ਤਾਕੀਦ ਕਰਦੀ ਕਿ 'ਸੁਵਖਤੇ ਉੱਠ ਕੇ ਨਹਾ ਲਵੀਂ । ਫੇਰ ਤੇਰੀਆਂ ਭਾਣਜੀਆਂ ਕਾਂਤਾ,ਸੀਟੀ ਤੇ ਮਮਤਾ ਨੇ ਵੀ ਰਾਜੂ ਤੇ ਲਾਡੀ ਨੂੰ ਰੱਖੜੀ ਬੰਨ੍ਹਣ ਆਉਣਾ ਹੈ।'

ਭੈਣ ਹਮੇਸ਼ਾ ਮੇਰੇ ਲਈ ਮੇਰੀ ਪਸੰਦ ਮੁਤਾਬਕ ਪਸ਼ਮ ਦੇ ਧਾਗੇ ਦੀ ਰੱਖੜੀ ਆਪਣੇ ਹੱਥਾਂ ਨਾਲ ਬਣਾ ਕੇ ਲਿਆਉਂਦੀ। ਛੋਲਿਆਂ ਦੀ ਦਾਲ ਵਾਲੇ ਬਾਸਮਤੀ ਦੇ ਚੌਲ ਮੈਂ ਆਪਣੀ ਸੰਭਾਲ ਵਿੱਚ ਭੈਣ ਦੇ ਹੱਥਾਂ ਦੇ ਬਣੇ ਹੋਏ ਹੀ ਖਾਂਦੇ ਹਨ ਜਿਹੜੇ ਰੱਖੜੀ ਬੰਨ੍ਹਣ ਆਉਣ ਲੱਗਿਆਂ ਸੁੱਚੇ ਤੇ ਤਾਜ਼ੇ ਦਹੀਂ ਨਾਲ ਉਹ ਲੈ ਕੇ ਆਉਂਦੀ ਹੁੰਦੀ ਸੀ ਤੇ ਨਾਲ ਸ਼ਾਂਤੀ ਹਲਵਾਈ ਦੀ ਦੁਕਾਨ ਤੋਂ ਦੇਸੀ ਘਿਓ ਵਾਲਾ ਪਤੀਸੇ ਦਾ ਡੱਬਾ।

ਪਰ ਹੁਣ ਇਹ ਸਾਰੀਆਂ ਗੱਲਾਂ ਬੀਤੇ ਵਕਤ ਦੀਆਂ ਯਾਦਾਂ ਵਿੱਚ ਬਦਲ ਗਈਆਂ ਹਨ । ਭੈਣ 2 ਮਈ ਨੂੰ ਆਪਣੇ ਸਾਹਵਾਂ ਦੀ ਡੋਰੀ ਟੁੱਟ ਜਾਣ ਕਾਰਨ ਇਸ ਫਾਨੀ ਸੰਸਾਰ ਤੋਂ ਗਮਨ ਕਰ ਗਈ ਹੈ।

ਉਸਦੇ ਤੁਰ ਜਾਣ ਤੋਂ ਬਾਅਦ ਮੈਨੂੰ ਇੰਝ ਮਹਿਸੂਸ ਹੋ ਰਿਹਾ ਹੈ ਜਿਵੇਂ ਮੇਰੀ ਪਸ਼ਮ ਦੀ ਰੱਖੜੀ ਦੀ ਤੰਦ ਟੁੱਟ ਗਈ ਹੋਵੇ।




Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

ਲੇਖਕ ਆਪਣੀਆਂ ਰਚਨਾਵਾਂ ਇਸ ਨੰਬਰ ਤੇ ਭੇਜ ਸਕਦੇ ਹਨ
9815561022, 9463661542

